# ਸੂਰਾ


ਮਾਸਕ ਪੱਤਰ

ਅੰਮ੍ਰਿਤਸਰ AMRITSAR

## ਖ਼ਾਲਸੇ ਦੀ ਜਨਮ-ਭੂਮੀ
## ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ

ਅਪ੍ਰੈਲ ੧੯੭੫

April 1975



ਇਥੇ ੧੬੯੯ ਈਸਵੀ ਵੈਸਾਖੀ ਵਾਲੇ ਦਿਨ ਖ਼ਾਲਸੇ ਦੀ ਸਾਜਨਾ ਕੀਤੀ ਗਈ।

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿੱਠੀ ਨੰਬਰ ੩/੭੦-੬੮-੨੧ (ਅ. ੫ ) ਮਿਤੀ ੧੭-੧੦-੬੮ ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ।

# ਤਤਕਰਾ

| | | |
|---|---|---|
| ਅੰਮ੍ਰਿਤੁ ਗੁਰ ਪਰਸਾਦੀ ਪਾਏ | ਮਾਝ ਮਹਲਾ ੩ | ੧ |
| ਕੌਮੀਅਤ ਅਤੇ ਰੂਹਾਨੀਅਤ | ਭਾਈ ਸਾਹਿਬ ਰਣਧੀਰ ਸਿੰਘ ਜੀ | ੨ |
| ਅਕਾਲ ਪੁਰਖ ਦੀ ਦਰਗਾਹ (੬) ਆਖ਼ਰੀ ਕਿਸ਼ਤ | ,, ,, ,, | ੪ |
| ਖ਼ਾਲਸਾ ਕਿਉਂ ਸਾਜਿਆ ਗਿਆ ? | ਸਾਰੰਗ ਜੀ, ਕਪੂਰਥਲਾ | ੭ |
| ਖ਼ਾਲਸੇ ਦੀ ਸਿਰਜਨਾ | ਗਿਆਨੀ ਗੋਪਾਲ ਸਿੰਘ ਜੀ ਮਿੱਤਰ | ੧੨ |
| ਮਨਮਤ ਤਿਆਗੋ ਤੇ ਗੁਰਮਤਿ ਅਪਣਾਓ | — — — | ੧੨ |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ-ਦੀਦਾਰ | ਇਕ ਸਿਖੀ ਸਿਦਕ ਦਾ ਜਾਚਕ | ੧੩ |
| ਧਰਮ ਯੁਧ ਮੋਰਚਾ ਕਿਵੇਂ ? | ਪ੍ਰਿੰ: ਗੁਰਦਿਆਲ ਸਿੰਘ ਜੀ | ੧੪ |
| ਸੰਤ ਬਾਬਾ ਵਸਾਖਾ ਸਿੰਘ ਜੀ | ਗਿ: ਸੇਵਾ ਸਿੰਘ ਜੀ ਸੇਵਕ | ੧੫ |
| ਵੈਸਾਖੀ ਦੀ ਦੇਣ—ਖ਼ਾਲਸਾ | ਗਿ: ਜਸਮੇਰ ਸਿੰਘ ਜੀ ਪਾਲ | ੧੭ |
| ਹੋਲੀ ਤੇ ਹੋਲਾ ਮਹੱਲਾ | ਗਿ: ਦੀਦਾਰ ਸਿੰਘ ਜੀ, ਰੋਪੜ | ੧੮ |
| ਕਮਾਲਿ ਕਰਾਸਾਤ | ਸ: ਕੁੰਭੇਰ ਸਿੰਘ ਜੀ | ੨੧ |
| ਗੁਰਬਾਣੀ ਦਾ ਸ਼ੁੱਧ ਉਚਾਰਨ | ਡਾ: ਰਾਜਿੰਦਰ ਸਿੰਘ ਜੀ | ੨੩ |
| ਨਾ ਪੀ ਯਾਰ ਸ਼ਰਾਬਾਂ, ਨਾਲ ਕਬਾਬਾਂ | ਸ: ਸਾਧੂ ਸਿੰਘ ਜੀ ਸੂਫ਼ੀ | ੨੬ |
| ਮਾਸੁ ਖਾਨਿ ਗਲ ਵਢਿ ਕੈ, ਹਾਲੁ ਤਿਨਾੜਾ ਕਉਣੁ ਹੋਵਸੀ ? | 'ਸੂਰਾ' ਪਰਵਾਰ | ੨੭ |
| ਰਹਿਤ ਰਹਿਣੀ ਵਾਲਾ ਜੀਵਨ | ਸ: ਮਾਲਕ ਸਿੰਘ ਜੀ | ੩੨ |
| ਬੀਬੀ ਖੇਮੀ ਜੀ | ਸ: ਵਰਿਆਮ ਸਿੰਘ ਜੀ, ਦਿਲੀ | ੩੪ |
| ਫ਼ੌਜੀ ਸਿੰਘਾਂ ਦੇ ਖੁਲ੍ਹੇ ਦਾੜ੍ਹਿਆਂ ਤੇ ਪਾਬੰਦੀ ਬਾਰੇ | ਤਾਰਾਂ ਤੇ ਮਤੇ | ੩੭ |
| ਇਸ ਘੇਰ ਕੋ ਆਗ ਲਗ ਗਈ ਘਰ ਕੇ ਚਿਰਾਗ ਸੇ | 'ਸੂਰਾ' ਪਰਵਾਰ | ੩੯ |
| ਅਮਰੀਕਨ ਸਿੰਘ ਦੇ ਦਰਸ਼ਨ | — — — | ੪੨ |

## ਮਾਨਯਵਰ ਬਾਊ ਮਲ ਸਿੰਘ ਜੀ ਨੂੰ ਸਖ਼ਤ ਹਾਦਸਾ

੨੧ ਮਾਰਚ ੧੯੭੫ ਨੂੰ ਭਾਈ ਕੰਵਰ ਸਿੰਘ ਜੀ ਦੇ ਗ੍ਰਿਹ ਸ੍ਰੀ ਅੰਮ੍ਰਿਤਸਰ ਵਿਖੇ ਸ੍ਰੀ ਅਖੰਡਪਾਠ ਸਮੇਂ, ਹਾਜ਼ਰੀ ਭਰਨ ਲਗਿਆਂ ਅਖੰਡ ਕੀਰਤਨੀ ਜੱਥੇ ਦੀ ਮਾਨਯਵਰ ਹਸਤੀ,ਗੁਰਮੁਖ ਪਿਆਰੇ ਬਾਊ ਮਲ ਸਿੰਘ ਜੀ, ਉਸੇ ਕਮਰੇ ਵਿਚ ਬਣੇ ਹੋਏ ਡੂੰਘੇ ਭੋਰੇ ਵਿਚ ਡਿਗ ਪਏ। ਸਖ਼ਤ ਚੋਟਾਂ ਆਈਆਂ ਤੇ ਖੱਬੀ ਪਸਲੀ ਟੁਟ ਗਈ। ੯੬ ਸਾਲ ਦੀ ਦੀਰਘ ਆਯੂ ਸਮੇਂ ਇਹ ਦਰਦਨਾਕ ਭਾਣਾ ਵਰਤਿਆ। ਭਾਵੇਂ ਸਖ਼ਤ ਖ਼ਤਰਨਾਕ ਚੋਟਾਂ ਹਨ ਅਤੇ ਫੜ ਕੇ ਪਾਸਾ ਪਲਟਾਉਣ ਵਿਚ ਵੀ ਸਖ਼ਤ ਤਕਲੀਫ਼ ਹੁੰਦੀ ਹੈ, ਪਰ ਫੇਰ ਵੀ ਨਾਮ-ਰੰਗ ਰਤੜੀ ਦਸ਼ਾ ਵਿਚ ਚੜ੍ਹਦੀ ਕਲਾ ਵਿਚ ਪ੍ਰਸੰਨ ਚਿਤ ਹਨ। ਮਾਨਯੋਗ ਬਾਊ ਮਲ ਸਿੰਘ ਜੀ ਦੀ ਸਿਹਤ ਲਈ ਦਰਬਾਰ ਸਾਹਿਬ ਤਰਨ ਤਾਰਨ, ਬਾਉਲੀ ਸਾਹਿਬ ਗੋਇੰਦਵਾਲ ਅਤੇ ਸ੍ਰੀ ਅੰਮ੍ਰਿਤਸਰ ਅਖੰਡ ਕੀਰਤਨੀ ਜੱਥੇ ਵਲੋਂ ਸ੍ਰੀ ਅਖੰਡ ਪਾਠ ਰਖੇ ਗਏ ਹਨ। ਸਰਹਾਲੀ ਵਿਚ ਵੀ ਮਾ: ਕੁੰਦਨ ਸਿੰਘ ਕਰਤਾਰ ਸਿੰਘ ਜੀ ਇਸ ਨਮਿਤ ਪਾਠ ਕਰ ਰਹੇ ਹਨ। ਡਾਕਟਰੀ ਤੇ ਵੈਦਿਕ ਇਲਾਜ ਦੇ ਨਾਲ ਨਾਲ ਸਾਰਾ ਪਰਵਾਰ ਖ਼ੂਬ ਸੇਵਾ ਕਰ ਰਿਹਾ ਹੈ। ਸਤਿਗੁਰੂ ਪਾਤਸ਼ਾਹ ਦੇ ਚਰਨਾਂ ਵਿਚ ਸਨਿਮਰ ਜੋਦੜੀ ਹੈ ਕਿ ਮਾਨਯਵਰ ਬਾਬੂ ਜੀ ਨੂੰ ਸੰਗਤਾਂ ਵਿਚ ਪਹਿਲਾਂ ਵਾਂਗ ਵਿਚਰਨ ਤੇ ਸੇਵਾ ਕਰਨ ਹਿਤ ਛੇਤੀ ਤੋਂ ਛੇਤੀ ਸਿਹਤਯਾਬੀ ਬਖ਼ਸ਼ਣ।

ਜੀਊਲ ਫ਼ਾਈਨ ਪ੍ਰਿੰਟਰਜ਼, ਹਾਥੀਖ਼ਾਨਾ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।
ਟੈਲੀਫ਼ੋਨ ਨੰ: 51847

www.AKJ.Org

## ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

ਸਾਲਾਨਾ ਚੰਦਾ ਦੇਸ : ੬ ਰੁਪਏ
ਫ਼ੀ ਕਾਪੀ : ੬੦ ਪੈਸੇ




ਪਰਦੇਸ : ਸਮੁੰਦਰੀ ਡਾਕ ਇਕ ਪੌਂਡ
ਹਵਾਈ ਡਾਕ ਦੇ ਰੇਟ ਵਖ ਵਖ ਹਨ।

## ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੯ | ੧ ਅਪ੍ਰੈਲ, ੧੯੭੫ | ਅੰਕ ੪

# ਅੰਮ੍ਰਿਤੁ ਗੁਰ ਪਰਸਾਦੀ ਪਾਏ

ਅੰਮ੍ਰਿਤ ਨਾਮੁ ਮੰਨਿ ਵਸਾਏ॥ ਹਉਮੈ ਮੇਰਾ ਸਭੁ ਦੁਖੁ ਗਵਾਏ॥ ਅੰਮ੍ਰਿਤ ਬਾਨੀ ਸਦਾ ਸਲਾਹੇ, ਅੰਮ੍ਰਿਤਿ ਅੰਮ੍ਰਿਤੁ ਪਾਵਣਿਆ॥੧॥ ਹਉ ਵਾਰੀ ਜੀਉ ਵਾਰੀ, ਅੰਮ੍ਰਿਤ ਬਾਨੀ ਮਨਿ ਵਸਾਵਣਿਆ॥ ਅੰਮ੍ਰਿਤ ਬਾਨੀ ਮਨਿ ਵਸਾਏ; ਅੰਮ੍ਰਿਤੁ ਨਾਮੁ ਧਿਆਵਣਿਆ॥੧॥ਰਹਾਉ॥ ਅੰਮ੍ਰਿਤੁ ਬੋਲੈ ਸਦਾ ਮੁਖਿ ਵੈਣੀ॥ ਅੰਮ੍ਰਿਤੁ ਵੇਖੈ ਪਰਖੈ ਸਦਾ ਨੈਣੀ॥ ਅੰਮ੍ਰਿਤ ਕਥਾ ਕਹੈ ਸਦਾ ਦਿਨੁ ਰਾਤੀ, ਅਵਰਾ ਆਖਿ ਸੁਨਾਵਣਿਆ॥੨॥ ਅੰਮ੍ਰਿਤ ਰੰਗਿ ਰਤਾ ਲਿਵ ਲਾਏ॥ ਅੰਮ੍ਰਿਤੁ ਗੁਰ ਪਰਸਾਦੀ ਪਾਏ॥ ਅੰਮ੍ਰਿਤੁ ਰਸਨਾ ਬੋਲੈ ਦਿਨੁ ਰਾਤੀ, ਮਨਿ ਤਨਿ ਅੰਮ੍ਰਿਤੁ ਪੀਆਵਣਿਆ॥੩॥ ਸੋ ਕਿਛੁ ਕਰੈ ਜੋ ਚਿਤਿ ਨ ਹੋਈ॥ ਤਿਸ ਦਾ ਹੁਕਮੁ ਮੇਟਿ ਨ ਸਕੈ ਕੋਈ॥ ਹੁਕਮੇ ਵਰਤੈ ਅੰਮ੍ਰਿਤ ਬਾਣੀ, ਹੁਕਮੇ ਅੰਮ੍ਰਿਤੁ ਪੀਆਵਣਿਆ॥੪॥ ਅਜਬ ਕੰਮ ਕਰਤੇ ਹਰਿ ਤੇਰੇ॥ ਇਹੁ ਮਨੁ ਭੂਲਾ ਜਾਂਦਾ ਫੇਰੇ॥ ਅੰਮ੍ਰਿਤ ਬਾਣੀ ਸਿਉ ਚਿਤੁ ਲਾਏ, ਅੰਮ੍ਰਿਤ ਸਬਦ ਵਜਾਵਣਿਆ॥੫॥ ਖੋਟੇ ਖਰੇ ਤੁਧੁ ਆਪਿ ਉਪਾਏ॥ ਤੁਧੁ ਆਪੇ ਪਰਖੇ ਲੋਕ ਸਬਾਏ॥ ਖਰੇ ਪਰਖਿ ਖਜਾਨੈ ਪਾਇਹਿ, ਖੋਟੇ ਭਰਮਿ ਭੁਲਾਵਣਿਆ॥੬॥ ਕਿਉਕਰਿ ਵੇਖਾ ਕਿਉ ਸਾਲਾਹੀ॥ ਗੁਰ ਪਰਸਾਦੀ ਸਬਦਿ ਸਲਾਹੀ॥ ਤੇਰੇ ਭਾਣੇ ਵਿਚਿ ਅੰਮ੍ਰਿਤੁ ਵਸੈ, ਤੂੰ ਭਾਣੈ ਅੰਮ੍ਰਿਤੁ ਪੀਆਵਣਿਆ॥੭॥ ਅੰਮ੍ਰਿਤ ਸਬਦੁ ਅੰਮ੍ਰਿਤ ਹਰਿ ਬਾਣੀ॥ ਸਤਿਗੁਰਿ ਸੇਵਿਐ ਰਿਦੈ ਸਮਾਣੀ॥ ਨਾਨਕ ਅੰਮ੍ਰਿਤ ਨਾਮੁ ਸਦਾ ਸੁਖਦਾਤਾ, ਪੀ ਅੰਮ੍ਰਿਤੁ ਸਭ ਭੁਖ ਲਹਿ ਜਾਵਣਿਆ॥੮॥

[ਮਾਝ ਮ: ੩, ਪੰਨਾ ੧੧੮

ਐਡੀਟਰ : ਗਿਆਨੀ ਜਸਵੰਤ ਸਿੰਘ; ਬੀ. ਏ., ਬੀ. ਟੀ.

www.AKJ.Org

# ਕੌਮੀਅਤ ਅਤੇ ਰੂਹਾਨੀਅਤ

[ ਵਲੋਂ—ਗੁਰਪੁਰਿ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ]

ਅੱਜ 'ਕੌਮੀਅਤ' ਤੇ ਕੌਮ-ਪ੍ਰਸਤੀ ਦੀ ਕੂਕ ਪੁਕਾਰ ਸੁਣ ਕੇ ਹਰ ਇਕ ਨੂੰ 'ਕੌਮ-ਪ੍ਰਸਤ' ਕਹਾਉਣ ਦੀ ਲਾਲਸਾ ਲਗ ਰਹੀ ਹੈ। ਕੌਮ-ਪ੍ਰਸਤ ਕਹਾਉਣ ਦੀ ਲਾਲਸਾ ਰਖਣ ਵਾਲਿਆਂ ਵਿਚੋਂ ਬਹੁਤਿਆਂ ਨੂੰ ਮਜ਼੍ਹਬ ਨੂੰ ਨਿੰਦਣ ਤੇ ਮਜ਼ਹਬ-ਪ੍ਰਸਤਾਂ ਨੂੰ ਭੰਡਣ ਦਾ ਮੇਨੀਆ ਭੀ ਲਗ ਰਿਹਾ ਹੈ। ਤੇ ਇਹ ਇਕ ਐਸਾ ਕੋਝਾ ਵਤੀਰਾ ਤੁਰ ਪਿਆ ਹੈ, ਜੋ ਇਥੇ ਤਕ ਵਧ ਗਿਆ ਹੈ ਕਿ ਅਜਿਹੇ ਕੌਮ-ਪ੍ਰਸਤ ਕਹਾਉਣ ਵਾਲੇ ਮਜ਼ਹਬ ਤੇ ਮਜ਼ਹਬ-ਪ੍ਰਸਤਾਂ ਨੂੰ ਬੁਰਾ ਕਹਿਣਾ ਭੀ ਕੌਮ-ਪ੍ਰਸਤੀ ਹੀ ਸਮਝਦੇ ਹਨ। ਉਹ ਹਰ ਮਜ਼ਹਬ ਦੇ ਬਾਨੀਆਂ ਨੂੰ ਭੀ ਬੁਰਾ ਕਹਿਣਾ ਫ਼ਖ਼ਰ ਸਮਝਦੇ ਹਨ। ਉਹ ਕਿਸੇ ਮਜ਼ਹਬ ਦੀ ਚੰਗੀ ਤੋਂ ਚੰਗੀ ਗੱਲ ਨੂੰ ਸੁਣਨਾ ਵੀ ਕੌਮੀਅਤ ਤੇ ਕੌਮ-ਪ੍ਰਸਤੀ ਤੋਂ ਗਿਰਨਾ ਖ਼ਿਆਲ ਕਰਦੇ ਹਨ। ਪਤਾ ਨਹੀਂ ਕਿ ਉਹ ਕੌਮੀਅਤ ਕਿਸ ਗੱਲ ਨੂੰ ਸਮਝਦੇ ਹਨ। ਇਕ ਦੇਸ ਜਾਂ ਦੀਪ ਅੰਦਰ ਜਨਮੀਆਂ ਜਾਂ ਸਦੀਆਂ ਤੋਂ ਬਦੇਸ਼ੋਂ ਆਈਆਂ ਰੂਹਾਨੀਅਤ ਤੋਂ ਖ਼ਾਲੀ ਕਈ ਤਰ੍ਹਾਂ ਦੀਆਂ ਇਨਸਾਨੀ ਕਲਬੂਤ ਦੀਆਂ ਮੁਰਦਾ ਨਸਲਾਂ ਦਾ ਇਕੱਠ, ਮਹਿਜ਼ ਰਾਜਗੀਰੀ ਦੀ ਇੱਛਾ ਤੇ ਲਾਲਚ ਵਿਚ ਕਿਸੇ ਰਾਜ ਨੂੰ ਰੋੜ੍ਹਨ ਦੇ ਨਿਰੇ ਦਮਗਜ਼ੇ ਮਾਰਨ ਨੂੰ ਜੇ ਕੌਮੀਅਤ ਤੇ ਕੌਮ-ਪ੍ਰਸਤੀ ਕਹੇ ਤਾਂ ਇਸ ਦਾ ਕੋਈ ਲਾਭ ਨਹੀਂ। ਐਸੀ ਕੌਮੀਅਤ ਤੋਂ ਸੌਰਨਾ ਭੀ ਕੀ ਹੈ?

ਜਿਸ ਕੌਮ ਤੇ ਕੌਮੀਅਤ ਅੰਦਰ ਰੂਹਾਨੀਅਤ ਵਾਲੀ ਜੀਵਨ-ਕਣੀ ਨਹੀਂ, ਐਸੇ ਨਿਰੇ ਰਾਜ-ਸਾਜ ਦੀ ਇੱਛਾ ਵਾਲਿਆਂ ਨੂੰ ਜੇ ਦੇਵਨੇਤ ਨਾਲ ਰਾਜ-ਸਾਜ ਮਿਲ ਵੀ ਜਾਵੇ ਤਾਂ ਇਸ ਬਾਤ ਦੀ ਕੀ ਗਰੰਟੀ ਹੈ ਕਿ ਉਨ੍ਹਾਂ ਦਾ ਬੁਲ-ਹਵਸੀ ਰਾਜ, ਕਿਸੇ ਪਹਿਲੇ ਕਾਇਮ-ਸ਼ੁਦਾ ਰਾਜ ਨਾਲੋਂ ਚੰਗੇਰਾ ਤੇ ਪਰਜਾ ਲਈ ਅਧਿਕ ਭਲੇਰਾ ਹੋਵੇਗਾ। ਜਿਸ ਕੌਮੀਅਤ ਅੰਦਰ ਵਜ਼ੀਰੀਆਂ ਸਾਂਭਣ ਦੀ ਲਾਲਸਾ ਲਗੀ ਹੋਈ ਹੋਵੇ, ਜਿਸ ਕੌਮੀਅਤ ਦੇ ਕੌਮ-ਪ੍ਰਸਤ ਆਗੂ ਕੌਂਸਲਾਂ ਤੇ ਡਿਸਟ੍ਰਿਕਟ ਬੋਰਡਾਂ, ਮਿਉਨਿਸਪਲ ਕਮੇਟੀਆਂ ਦੀਆਂ ਮੈਂਬਰੀਆਂ ਦੀ ਪ੍ਰਾਪਤੀ ਖ਼ਾਤਰ ਆਮ ਜਨਤਾ ਨੂੰ ਸਭਿਅਤਾ-ਹੀਣ ਤੇ ਇਖ਼ਲਾਕੋਂ ਗਿਰੇ ਹੋਏ ਲਾਲਚ ਦੇ ਦੇ ਕੇ ਕੌਮੀਅਤ ਦੇ ਸ਼ੀਰਾਜ਼ੇ ਨੂੰ ਪਾਸ਼ ਪਾਸ਼ ਕਰਨ ਉਤੇ ਆ ਉਤਰਨ, ਉਨ੍ਹਾਂ ਨੇ ਭਲਾ ਬਣਨ ਵਾਲੀ ਰਾਜਗੀਰੀ ਦੇ ਅਹੁਦੇ ਹਾਸਲ ਕਰ ਕੇ ਕੀ ਪੂਰੀਆਂ ਪਾਉਣੀਆਂ ਹਨ। ਅਜਿਹੇ ਪੁਰਸ਼ਾਂ ਦੇ ਹੱਥ ਆਈ ਰਾਜਗੀਰੀ ਝਬਦੇ ਹੀ ਰਾਜ-ਗਰਦੀ ਵਿਚ ਪਲਟ ਜਾਏਗੀ। ਅਜਿਹੀ ਹਾਲਤ ਵਿਚ ਦੇਸ਼ ਤੇ ਕੌਮ ਦਾ ਕੀ ਭਲਾ ਹੋ ਸਕੇਗਾ? ਆਪਾ-ਪ੍ਰਸਤਾਂ ਤੋਂ ਕੌਮ-ਪ੍ਰਸਤੀ ਨਹੀਂ ਹੋ ਸਕਦੀ। ਸੁਆਰਥੀਆਂ ਪਾਸੋਂ ਪਰ-ਸੁਆਰਥ ਤੇ ਪਰਉਪਕਾਰ ਕਦੇ ਨਹੀਂ ਹੋ ਸਕਦਾ। ਖ਼ੁਦਗਰਜ਼ੀ ਲਈ ਆਪਣੇ ਭਾਈਆਂ ਨੂੰ ਪਛਾੜ ਲਤਾੜ ਕੇ ਛੋਟੀਆਂ ਛੋਟੀਆਂ ਸਿਕਦਾਰੀਆਂ ਤੇ ਹੁਦੇ-ਦਾਰੀਆਂ ਨੂੰ ਜੱਫਾ ਮਾਰਨ ਵਾਲਿਆਂ ਤੋਂ ਇਹ ਆਸ ਤੱਕਣੀ ਕਿ ਉਹ ਕੌਮ, ਦੇਸ਼ ਜਾਂ ਜਨਤਾ ਦੇ ਭਲੇ ਲਈ ਕੁਝ ਕਰਨਗੇ, ਨਿਰੀ ਖ਼ਾਮ-ਖ਼ਿਆਲੀ ਹੈ। ਇਹ ਤਾਂ ਸਗੋਂ ਆਪਾ-ਪ੍ਰਸਤੀ ਤੇ ਅਹੁਦਾ-ਪ੍ਰਸਤੀ ਹੈ। ਆਪਾ-ਪ੍ਰਸਤੀ ਸਰਕਾਰ-ਪ੍ਰਸਤੀ ਨਾਲੋਂ ਕੋਈ ਨਵੀਂ ਤੇ ਚੰਗੀ ਚੀਜ਼ ਨਹੀਂ। ਜਿਸ ਸਮੇਂ ਵਿਚ ਜੋ ਸਰਕਾਰ (ਗੌਰਮੈਂਟ) ਬਰਸਰੇ ਇਕਤਦਾਰ ਹੋਵੇਗੀ, ਇਹ ਖ਼ੁਦਗਰਜ਼ ਸੁਆਰਥੀ ਉਸੇ ਦੇ ਝੋਲੀ-ਚੁਕ ਤੇ ਪੁਜਾਰੀ ਬਣ ਜਾਣਗੇ। ਜੋ ਸੁਆਰਥੀ ਲੋਕ ਨਿਰੀਆਂ ਮੈਂਬਰੀਆਂ ਖ਼ਾਤਰ ਇਨਸਾਨੀਅਤ ਤੇ ਇਖ਼ਲਾਕੀ ਮਿਆਰ ਤੋਂ ਹੇਠਾਂ ਡਿਗਣ ਨੂੰ ਅਯੋਗ ਨਹੀਂ ਸਮਝਦੇ, ਉਹ ਮੈਂਬਰ ਬਣ ਕੇ ਵੀ ਕੀ ਸਵਾਰ ਸਕਣਗੇ?

ਇਸ ਤਰ੍ਹਾਂ ਦੀ ਹਾਲਤ ਤੇ ਅਜਿਹੀਆਂ ਸੁਆਰਥੀ ਚਾਲਾਂ ਨਾਲ ਪ੍ਰਾਪਤ ਕੀਤੇ ਸੁਰਾਜ ਤੇ ਕੌਮੀ ਰਾਜ ਤੋਂ ਕੋਈ ਲਾਭ ਨਹੀਂ ਹੋ ਸਕਦਾ ਤੇ ਨਾ ਇਨਸਾਨੀਅਤ, ਇਖ਼ਲਾਕ, ਅਣਖ, ਪਰ-ਉਪਕਾਰ ਆਦਿ ਗੁਣਾਂ ਤੋਂ ਸਖਣੇ ਪੁਰਸ਼ਾਂ ਦੇ ਇਕੱਠ ਦਾ ਨਾਮ ਕੌਮ ਜਾਂ ਕੌਮੀਅਤ ਹੋ ਸਕਦਾ ਹੈ।

ਦੇਸ਼ ਦੇ ਭਲੇ ਤੇ ਕੌਮ ਦੀ ਖ਼ਾਤਰ ਕੁਝ ਚਾਹੁਣ ਵਾਲੇ ਤਾਂ ਵਿਰਲੇ ਹੀ ਹੋਣਗੇ। ਨਹੀਂ ਤਾਂ ਸੁਰਾਜ ਮੰਗਣ ਵਾਲਿਆਂ ਵਿਚ ਐਸੇ ਬਹੁਤ ਹਨ, ਜਿਨ੍ਹਾਂ ਨੂੰ ਆਪਣਾ ਸੁਆਰਥ ਮੁਖ ਹੈ। ਸੁਰਾਜ ਪਦ ਦਾ ਅਰਥ ਭੀ ਅਸਲ



www.AKJ.Org

ਆਦਰਸ਼ ਤੋਂ ਉਚਾ ਹੈ । ਆਮ ਤੌਰ ਤੇ ਸੁਰਾਜ ਦਾ ਅਰਥ ਇਹ ਕੀਤਾ ਜਾਂਦਾ ਹੈ ਕਿ 'ਆਪਣਾ ਰਾਜ' ਅਰਥਾਤ ਆਪਣੇ ਦੇਸ਼ ਦਾ ਰਾਜ ਅਸੀਂ ਆਪ ਕਰੀਏ । ਰਾਜ-ਲਾਲਸਾ ਦੀ ਇਹ ਅਪਣੱਤ ਜੇ ਤਾਂ ਰਾਜ-ਸਾਜ ਕਮਾਉਣ ਦੀ ਸਾਂਝੀਵਾਲਤਾ ਵਿਚ ਰਹੇ ਤਦ ਤਾਂ ਕੁਝ ਗੁਣਕਾਰੀ ਹੋ ਸਕਦੀ ਹੈ, ਨਹੀਂ ਤਾਂ ਆਪਾ-ਧਾਪੀ ਵਿਚ ਖਿਚ ਕੇ ਲੈ ਜਾਂਦੀ ਹੈ, ਪਰ ਸਾਂਝੀਵਾਲਤਾ ਵਾਲੀ ਕੌਮੀਅਤ ਰੂਹਾਨੀਅਤ ਤੋਂ ਬਿਨਾਂ ਪੈਦਾ ਹੋਣੀ ਤੇ ਕਾਇਮ ਰਹਿਣੀ ਅਸੰਭਵ ਹੈ। ਕਿਥੇ "ਅਪਨਾ ਬਿਗਾਰਿ ਬਿਰਾਨਾ ਸਾਂਢੈ" ਵਾਲੀ ਉਚ ਆਦਰਸ਼ੀ ਰੂਹਾਨੀਅਤ ਅਤੇ ਕਿਥੇ 'ਪਰਾਇਆ ਬਿਗਾੜ ਆਪਣਾ ਹੱਕ ਮਾਂਡੇ' ਵਾਲੀ ਆਪਾ-ਧਾਪੀ !

ਸਭੁ ਕੋ ਆਸੈ ਤੇਰੀ ਬੈਠਾ ॥ ਘਟ ਘਟ ਅੰਤਰਿ
ਤੂੰਹੈ ਵੁਠਾ ॥ ਸਭੇ ਸਾਂਝੀਵਾਲ ਸਦਾਇਨਿ, ਤੂੰ
ਕਿਸੈ ਨ ਦਿਸਹਿ ਬਾਹਰਾ ਜੀਉ ॥

[ਮਾਝ ਮ: ੫, ਪੰਨਾ ੯੭

ਗੁਰਵਾਕ ਦੇ ਭਾਵ ਅਨੁਸਾਰ ਨਾਮ ਦੀ ਪ੍ਰੇਮ-ਤਾਰ-ਲੜੀ ਵਿਚ ਇਕ-ਸਾਥ ਪ੍ਰੋਤੇ ਸਾਂਝੀ-ਵਾਲਾਂ ਦੀ ਸਾਂਝੀਵਾਲਤਾ ਹੀ ਬਣ ਸਕਦੀ ਹੈ । ਜਿਨ੍ਹਾਂ ਨੂੰ ਆਪੋ ਆਪਣੀ ਪਈ ਹੋਵੇ, ਜੋ ਆਪਣੇ ਆਪਣੇ ਸੁਆਰਥ ਦੇ ਬੰਦੇ ਹੋਣ, ਉਨ੍ਹਾਂ ਦੀ ਸਾਂਝੀਵਾਲਤਾ ਕਿਵੇਂ ਬਣ ਸਕਦੀ ਹੈ ? ਰੂਹਾਨੀਅਤ ਤੋਂ ਖ਼ਾਲੀ ਸੁਆਰਥੀਆਂ ਦੀ ਸਾਂਝੀਵਾਲਤਾ, ਨਾਸਤਕਾਂ ਤੇ ਮਾਦਾ-ਪ੍ਰਸਤਾਂ ਦਾ ਇਕੱਠ, ਇਤਫ਼ਾਕ ਤੇ ਅਮਲ ਕੁਝ ਦਿਨਾਂ ਦਾ ਚਮਤਕਾਰ ਤੇ ਐਵੇਂ ਲਫ਼ਾਫ਼ਾ ਹੀ ਹੁੰਦਾ ਹੈ । ਅਸਲ ਵਿਚ ਇਹ ਅੰਦਰਗਤੀ ਖਹਿ ਖਹਿ ਮਰਨ ਵਾਲੀ ਖਿਚੋਤਾਣ ਹੀ ਹੈ । ਮਾਦਾ-ਪ੍ਰਸਤ ਮੁਲਕਗੀਰ ਕੌਮਾਂ ਦਾ ਪਾਜ ਓੜਕ ਉਘੜਨਾ ਹੀ ਹੈ । ਮਲੇਛਤਾ ਦੀ ਸਪਿਰਟ ਨੇ ਖੈ ਹੋਣਾ ਹੀ ਹੈ । ਹਉਮੈ ਖ਼ੁਦਗਰਜ਼ੀਆਂ ਨਾਲ ਲਥ-ਪੱਥ ਹੋਏ ਜੀਵਾਂ ਦੇ ਇਕੱਠ ਨਾਲ ਕੌਮੀਅਤ ਨਹੀਂ ਬਣਦੀ । ਗੁਰੂ ਨਾਨਕ ਸਾਹਿਬ ਨੇ ਦੇਸ-ਦੇਸਾਂਤਰਾਂ ਵਿਚ ਰਟਨ ਕਰ ਕੇ ਫੇਰ ਨੌਂ ਜਾਮੇ ਧਾਰ, ਅਧਿਕਾਰ ਯੋਗ ਰੂਹਾਂ ਅੰਦਰ ਸਚੀ ਅਤੇ ਸਦਾ ਕਾਇਮ ਰਹਿਣ ਵਾਲੀ ਰੂਹਾਨੀਅਤ ਭਰੀ । **ਫੇਰ ਦਸਵੇਂ ਜਾਮੇ ਅੰਦਰ ਖ਼ੁਦ-ਪ੍ਰਸਤੀ ਤੇ ਮਾਦਾ-ਪ੍ਰਸਤੀ ਤੋਂ ਸਾਫ਼ ਮੁਬੱਰਾ, ਖ਼ਾਲਸ ਧਰਮੀ ਤੇ ਪਰਉਪਕਾਰੀ ਪੁਰਸ਼ਾਂ ਦੀ ਸਾਰੀ ਸ੍ਰਿਸ਼ਟੀ ਦਾ ਭਲਾ ਚਾਹੁਣ, ਭਲਾ ਦੇਖਣ ਤੇ ਭਲਾ ਕਰਨ ਵਾਲੀ ਖ਼ਾਲਸਾ ਕੌਮ ਸਾਜੀ ਅਤੇ ਇਸ ਤਰ੍ਹਾਂ ਰੂਹਾਨੀਅਤ ਵਾਲੀ ਖ਼ਾਲਸ ਕੌਮੀਅਤ ਦੀ ਨੀਂਹ ਰਖੀ**, ਪਰ ਨਿਰਾ ਰਾਜ-ਭਾਗ ਭੁਗਤਾਉਣ ਹਿਤ ਨਹੀਂ, ਸਗੋਂ ਜੀਅ ਦਾਨ ਦੇ ਭਗਤੀ ਲਾਉਣ ਹਿਤ, ਅਕਾਲ ਪੁਰਖ ਨਾਲ ਮੇਲ ਮਿਲਾਉਣ ਹਿਤ, ਆਤਮਿਕ ਔਜ ਦੀ ਰੂਹਾਨੀਅਤ ਦ੍ਰਿੜਾਇ ਕੇ, ਖ਼ਾਲਸ ਜਨਾਂ ਦੇ ਰੋਮ ਰੋਮ ਅੰਦਰ ਇਹ ਰੂਹਾਨੀਅਤ ਰੁਮਕਾ ਕੇ, ਪਰਉਪਕਾਰੀ ਜਨ ਬਣਾ ਕੇ, ਸੱਚੀ ਸ੍ਰੇਸ਼ਟ ਅਤੇ ਖ਼ਾਲਸ ਤੱਤ ਕੌਮੀਅਤ ਦੀ ਸਾਜਣਾ ਸਾਜੀ । ਨਿਰੀ ਸੁਰਾਜ ਦੀ ਇੱਛਾ ਲਈ ਨਹੀਂ, ਸਗੋਂ ਧਰਮ ਦਾ ਰਾਜ ਵਿਥਾਰਨ ਲਈ, ਜ਼ੁਲਮ ਤੇ ਦੁਸ਼ਟ ਦੀ ਜੜ੍ਹ ਉਖਾੜਨ ਲਈ । ਰਾਜ-ਕਾਮਨਾ ਤੋਂ ਰਹਿਤ ਨਿਰੋਲ ਧਰਮ-ਉਪਕਾਰ ਦਾ ਔਜ ਪ੍ਰਮਾਰਥੀ ਅਤੇ ਆਤਮ-ਸੁਤੰਤਰੀ ਹਲੇਮੀ ਰਾਜ ਵਿਥਾਰਨ ਲਈ ਏਸ ਰੂਹਾਨੀਅਤ ਸੰਜੀਵਨੀ ਕੌਮੀਅਤ ਦੀ ਅਬਚਲ ਨੀਂਹ ਧਰੀ ।

ਅੱਜ ਉਸ ਉਚੇ ਆਦਰਸ਼ ਤੋਂ ਘੁੱਥੇ ਖ਼ੁਸ਼ਕ ਰੀਫ਼ਾਰਮਰਾਂ ਦੇ ਮਗਰ ਲਗ ਕੇ ਲੋਕਾਂ ਵਿਚ ਫੋਕੀ ਕੂਕ-ਪੁਕਾਰ ਕੌਮੀਅਤ ਦੀ ਹੋ ਰਹੀ ਹੈ । ਇਸੇ ਪੁਕਾਰ ਦੇ ਸਿਲਸਿਲੇ ਵਿਚ ਧਰਮ ਅਤੇ ਰੂਹਾਨੀਅਤ ਨੂੰ ਕੌਮੀਅਤ ਦਾ ਦੁਸ਼ਮਨ ਸਮਝਿਆ ਜਾ ਰਿਹਾ ਹੈ । ਇਹੋ ਦੇਸ਼ ਤੇ ਦੇਸ਼-ਵਾਸੀਆਂ ਦੀ ਅਧੋਗਤੀ ਦਾ ਕਾਰਨ ਬਣ ਰਿਹਾ ਹੈ ।

ਅੱਜ ਦੀ ਘੜੀ ਕੌਮੀਅਤ ਦੇ ਦਮਗਜੇ ਮਾਰਨ ਦੀ ਲੋੜ ਨਹੀਂ । ਸੁਰਾਜ ਦੇ ਸੁਪਨੇ ਲੈਣ ਤੇ ਇਤਫ਼ਾਕ-ਸਮਝੌਤਿਆਂ ਦੇ ਫ਼ਿਕਰ ਵਿਚ ਪੈਣ ਦੀ ਲੋੜ ਨਹੀਂ । ਪੰਥ ਅਤੇ ਕੌਮ ਦੀ ਉਨਤੀ ਦੇ ਫੋਕੇ ਵਹਿਮਾਂ ਵਿਚ ਵਹਿਣ ਦੀ ਜ਼ਰੂਰਤ ਨਹੀਂ । ਕੌਮ ਦੀ ਫੁਟ ਦੇ ਸੰਸਿਆਂ ਵਿਚ ਪੈ ਕੇ ਚਿੰਤਾਤੁਰ ਹੋਣ ਦੀ ਲੋੜ ਨਹੀਂ । **ਲੋੜ ਹੈ ਮੁੜ ਆਪਣੇ ਜੀਵਨਾਂ ਦੀ ਰੂਹਾਨੀਅਤ ਕਾਇਮ ਕਰਨ ਦੀ, ਆਪਣੀ ਆਤਮ-ਬਿਵਸਥਾ ਨੂੰ ਚੜ੍ਹਦੀਆਂ ਕਲਾਂ ਵਿਚ ਲੈ ਜਾਣ ਦੀ ।** ਪਰ ਇਹ ਲੇਖੇ ਵਾਲੀ ਅਸਲ ਗੱਲ, ਗੱਲੀਂ ਬਾਤੀਂ ਪੂਰੀ ਨਹੀਂ ਹੁੰਦੀ । ਏਸ ਦੇ ਹਾਸਲ ਕਰਨ ਲਈ ਅਤੁੱਟ ਕਮਾਈਆਂ ਦੀ ਲੋੜ ਹੈ । ਇਹ ਆਤਮ-ਕਮਾਈਆਂ ਕਿਵੇਂ ਹੋ ਸਕਦੀਆਂ ਹਨ, ਇਹ ਕਿਸੇ ਵਖਰੇ ਲੇਖ ਵਿਚ ਨਿਰਣੇ ਹੋ ਸਕੇਗਾ । ਪਹਿਲਾਂ ਤਾਂ ਆਤਮ-ਕਮਾਈਆਂ ਲਈ ਤਤਪਰ ਹੋ ਕੇ ਕਮਰਕਸੇ ਕਰ ਲੈਣ ਦੀ ਦ੍ਰਿੜ੍ਹ ਧਾਰਨਾ ਧਾਰ ਲੈਣੀ, ਰੂਹਾਨੀਅਤ ਵਾਲੀ ਕੌਮੀਅਤ ਦੇ ਦਰ ਖੋਲ੍ਹਣ ਦੇ ਤਿਆਰੇ ਹਨ । ਜੇ ਕਰ ਲਈਏ ਤਾਂ ਅਹੋ ਭਾਗ !

[ਪੁਸਤਕ 'ਗੁਰਮਤਿ ਲੇਖ" ਵਿਚੋਂ

www.AKJ.Org

# ਅਕਾਲ ਪੁਰਖ ਦੀ ਦਰਗਾਹ (੬)

## [ ਆਖ਼ਰੀ ਕਿਸ਼ਤ ]

[ ਗੁਰਪੁਰਿ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ]

ਮਨ ਬਚਨ ਕਰਮ ਕਰ ਸਾਸਿ ਸਾਸਿ ਸਿਮਰਿਆ ਸੰਮਾਲਿਆ ਹੋਇਆ ਵਾਹਿਗੁਰੂ ਨਾਮ ਲੋਕ ਪਰਲੋਕ ਵਿਖੇ ਸਹਾਈ ਹੁੰਦਾ ਹੈ। ਅਤੇ ਜਿਥੇ ਭੀ ਆਰਾਧਿਆ ਜਾਵੇ ਤਿਥੇ ਹੀ ਰਖਵਾਲਾ ਹੁੰਦਾ ਹੈ। ਗੁਰਵਾਕ—

ਸਿਮਰਉ ਸਿਮਰਿ ਸਿਮਰਿ ਸੁਖ ਪਾਵਉ, ਸਾਸਿ ਸਾਸਿ ਸਮਾਲੇ ॥ ਇਹ ਲੋਕਿ ਪਰਲੋਕਿ ਸੰਗਿ ਸਹਾਈ, ਜਤ ਕਤ ਮੋਹਿ ਰਖਵਾਲੇ ॥

[ਧਨਾਸਰੀ ਮ: ੫, ਪੰਨਾ ੬੭੯

ਵਾਹਿਗੁਰੂ ਸਿਮਰਨਹਾਰੇ ਜਨ, ਵਾਹਿਗੁਰੂ ਦਾ ਨਿਹਚਲ ਧਾਮ ਪਾਇ ਲੈਂਦੇ ਹਨ। ਅਤੁਟ ਸਿਮਰਨ-ਸਲਾਹ ਦੇ ਤੁਫ਼ੈਲ ਤਿਨ੍ਹਾਂ ਦੇ ਜਮਕਾਲ ਨਿਕਟ ਨਹੀਂ ਆਉਂਦਾ। ਐਸੇ ਨਿਹਚਲ-ਧਾਮੀਆਂ ਸਾਧਾਂ-ਸੰਤਾਂ ਗੁਰਮੁਖਾਂ, ਗੁਰਸਿਖਾਂ ਦੀ ਸੰਗਤ ਮੁਕਤ-ਦਾਤੀ ਅਤੇ ਬੈਕੁੰਠ ਦਿਵਾਵਣ-ਹਾਰੀ ਹੈ।

ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪੁਨਾ, ਨਿਕਟਿ ਨ ਆਵੈ ਜਾਮ ॥ ਮੁਕਤਿ ਬੈਕੁੰਠ ਸਾਧ ਕੀ ਸੰਗਤਿ, ਜਨ ਪਾਇਓ ਹਰਿ ਕਾ ਧਾਮ ॥

[ਧਨਾਸਰੀ ਮ: ੫, ਪੰਨਾ ੬੮੨

ਕ੍ਰਿਪਾ ਸਿੰਧ ਵਾਹਿਗੁਰੂ ਦੀ ਸੇਵਾ ਸਿਮਰਨ ਕੀਤਿਆਂ ਸਚੇ ਵਾਹਿਗੁਰੂ ਦੀ ਪ੍ਰਾਪਤੀ ਹੋ ਕਰਿ ਦੋਵੇਂ ਲੋਕ ਸੁਹੇਲੇ ਹੁੰਦੇ ਹਨ।

ਕ੍ਰਿਪਾ ਸਿੰਧੁ ਸੇਵਿ ਸਚੁ ਪਾਈਐ, ਦੋਵੈ ਸੁਹੇਲੇ ਲੋਕ ॥

[ਪੰਨਾ ੬੮੨

ਗੋਬਿੰਦ ਦਾ ਨਾਮ ਸਦ ਸਦਾ ਲੈਣ ਕਰਕੇ ਅਤੇ ਨਿਤਾਪ੍ਰਤਿ ਸਿਮਰਨ-ਸੇਵਾ ਵਿਖੇ ਤੱਤਪਰ ਹੋਇਆਂ ਹਲਤ ਵਿਖੇ ਵੀ ਸਚੇ ਸੁਖ ਦੀ ਲਭਤਾ ਹੁੰਦੀ ਹੈ ਅਤੇ ਪਲਤ ਵਿਖੇ ਵੀ ਪ੍ਰਮਾਰਥੀ ਸੁਖ ਹਾਸਲ ਹੁੰਦਾ ਹੈ। ਚਿਰਾਣੇ ਕਮਾਣੇ ਸਭ ਮਿਟ ਜਾਂਦੇ ਹਨ। ਐਸਾ ਗੁਰੂ ਘਰ ਦੀ ਸਾਧ ਸੰਗਤ ਦਾ ਪਰਤਾਪ ਹੈ। ਮੋਇਆਂ ਮਨੂਰ ਹੋਇਆਂ ਨੂੰ ਜੀਵਨ-ਪਦਵੀ ਮਿਲਦੀ ਹੈ! ਗੁਰਵਾਕ—

ਹਲਤਿ ਸੁਖੁ ਪਲਤਿ ਸੁਖੁ, ਨਿਤ ਸੁਖੁ ਸਿਮਰਨੋ, ਨਾਮੁ ਗੋਬਿੰਦ ਕਾ ਸਦਾ ਲੀਜੈ ॥ ਮਿਟਹਿ ਕਮਾਣੇ ਪਾਪ ਚਿਰਾਣੇ, ਸਾਧ ਸੰਗਤਿ ਮਿਲਿ ਮੁਆ ਜੀਜੈ ॥

[ਧਨਾਸਰੀ ਮ: ੫, ਪੰ: ੬੮੩

ਜਿਨ੍ਹਾਂ ਨੇ ਰਮਤ ਰਾਮ ਵਾਹਿਗੁਰੂ ਨਾਲ ਲਿਵ ਜੋੜੀ ਹੈ ਓਹਨਾਂ ਦੀ ਹਲਤ ਪਲਤ ਅਤੇ ਜਗ ਅੰਦਰ ਸੋਭਾ ਹੁੰਦਾ ਹੈ—

ਹਲਤਿ ਪਲਤਿ ਸੋਭਾ ਜਗ ਅੰਤਰਿ, ਰਾਮਨਾਮਿ ਲਿਵ ਲਾਗੀ ॥ [ਧਨਾਸਰੀ ਮ: ੯, ਪੰ: ੬੯੦

ਹੋਛੇ ਤਪ ਕਰਨ ਹਾਰਿਆਂ ਦੀਆਂ ਕਾਮਨਾਵਾਂ ਇੰਦ੍ਰਪੁਰੀ, ਸ਼ਿਵਪੁਰੀ ਆਦਿਕ ਪੁਰੀਆਂ ਨੂੰ ਪ੍ਰਾਪਤ ਕਰਨ ਦੀਆਂ ਹੁੰਦੀਆਂ ਹਨ। ਇਹ ਪੁਰੀਆਂ ਥਿਰ ਰਹਿਣ ਵਾਲੀਆਂ ਨਹੀਂ। ਗੁਰਮਤਿ-ਨਾਮ ਦੇ ਕਾਂਖੀ ਜਨ ਅਜਿਹੀਆਂ ਹੋਛੀਆਂ ਕਾਮਨਾਵਾਂ ਨਹੀਂ ਰਖਦੇ। ਇਕੋ ਨਾਮ ਨਿਹਕਾਮ-ਮਈ ਪਰਮ ਧਾਮ ਦੇ ਬਾਸ਼ਿੰਦੇ ਹੀ ਬਣੇ ਰਹਿੰਦੇ ਹਨ। ਪਰ ਇਸ ਪਰਕਾਰ ਇਹ ਦੁਨੀਆ ਚਾਹੇ ਅਨ-ਅਸਥਿਰ ਹੈ, ਪਰ ਹੈ ਸਹੀ। ਇਸੇ ਪਰਕਾਰ ਹੋਰ ਪੁਰੀਆਂ ਭੀ ਹਨ। ਚਾਹੇ ਓੜਕ ਕਿਸੇ ਨੇ ਅਸਥਿਰ ਨਹੀਂ ਰਹਿਣਾ। ਅਸਥਿਰ ਕੇਵਲ ਨਾਮ-ਪਦਾਰਥ ਨੇ ਰਹਿਣਾ ਹੈ। ਗੁਰਵਾਕ—

ਇੰਦ੍ਰ ਲੋਕ ਸਿਵ ਲੋਕਹਿ ਜੈਬੋ ॥ ਓਛੇ ਤਪ ਕਰਿ ਬਾਹੁਰਿ ਐਬੋ ॥ ਕਿਆ ਮਾਂਗਉ ਕਿਛੁ ਥਿਰੁ ਨਾਹੀ ॥ ਰਾਮ ਨਾਮ ਰਖੁ ਮਨ ਮਾਹੀ ॥

[ਧਨਾਸਰੀ ਕਬੀਰ ਜੀ, ਪੰਨਾ ੬੯੨

ਸਾਕਤ ਨਰ ਪ੍ਰਾਣੀ ਬਿਖ ਮਾਇਆ ਦੇ ਬੰਧਨਾਂ ਵਿਚ ਜਕੜੇ ਹੋਏ ਪਰਮਾਰਥ ਦੀ ਸਾਰ ਨਹੀਂ ਜਾਣਦੇ। ਨਾ ਹੀ ਪਰਮਾਰਥ ਖ਼ਾਤਰ ਪਰਮੇਸ਼ਰ ਅਰਥ ਆਪਣੀ ਖੱਟੀ ਮਾਇਆ ਨੂੰ ਖ਼ਰਚ ਕੇ ਲੇਖੇ ਲਾ ਸਕਦੇ ਹਨ। ਤਿਨ੍ਹਾਂ ਦੇ ਹੱਥ ਹਾਸਲ ਕੁਛ ਨਹੀਂ ਆਉਂਦਾ, ਸਿਵਾਇ ਇਸ ਦੇ ਕਿ ਉਹ ਜਮ-ਕਾਲ ਦੀ ਪੀੜ ਦੇ ਦੁਖ ਸਹਿੰਦੇ ਹਨ। ਜਿਨ੍ਹਾਂ ਨੇ ਮਾਲ ਧਨ ਅਤੇ ਸਾਰਾ ਸਰੀਰ ਹੀ ਹਰਿ ਅਰਥ ਲਗਾ ਦਿਤਾ ਹੈ ਅਤੇ ਗੁਰੂ ਰੂਪ ਸਾਧੂ ਸਤਿਗੁਰੂ ਦੀ ਸਰਧਾ ਭਾਵਨੀ ਕਰਿ ਧੂੜੀ ਮੁਖ ਲਾਈ ਹੈ, ਸੋ ਜਨ ਹਲਤ-ਪਲਤ ਵਿਖੇ ਸੋਭਾ ਪਾਉਂਦੇ ਹਨ। ਅਤੇ ਤਿਨ੍ਹਾਂ ਦੇ ਮਨ



www.AKJ.Org

ਅੰਦਰਿ ਗੂੜ੍ਹੇ ਆਤਮ-ਰੰਗ ਐਸੇ ਲਗਦੇ ਹਨ ਕਿ ਫੇਰ ਲਹਿੰਦੇ ਨਹੀਂ। ਗੁਰਵਾਕ—

ਸਾਕਤ ਬੰਧ ਭਏ ਹੈ ਮਾਇਆ, ਬਿਖੁ ਸੰਚਹਿ ਲਾਇ ਜਕੀੜਾ॥ ਹਰਿ ਕੈ ਅਰਥਿ ਖਰਚਿ ਨਹਿ ਸਾਕਹਿ, ਜਮਕਾਲੁ ਸਹਹਿ ਸਿਰਿ ਪੀੜਾ॥੨॥ ਜਿਨ ਹਰਿ ਅਰਥਿ ਸਰੀਰੁ ਲਗਾਇਆ, ਗੁਰ ਸਾਧੂ ਬਹੁ ਸਰਧਾ ਲਾਇ ਮੁਖਿ ਧੂੜਾ॥ ਹਲਤਿ ਪਲਤਿ ਹਰਿ ਸੋਭਾ ਪਾਵਹਿ, ਹਰਿ ਰੰਗੁ ਲਗਾ ਮਨਿ ਗੂੜਾ॥੩॥

[ਜੈਤਸਰੀ ਮ: ੪, ਪੰਨਾ ੬੯੮

ਹਰਿ ਦਰਗਾਹ ਅੰਦਰਿ, ਹਰਿ ਦਰਗਾਹੀ ਦਰਬਾਰ ਅੰਦਰਿ ਕੋਟਿ ਹਰਿ-ਦਾਸਾਂ ਦੀ ਦੁਨੀਆ ਵਸ ਰਹੀ ਹੈ, ਜੋ ਨਿਮਖ ਨਿਮਖ ਨਿਰੰਕਾਰ ਦੇ ਸੰਗੀ ਸਾਥੀ ਹੋਇ ਕੇ ਵਸ ਰਹੇ ਹਨ। ਇਹ ਅਗੰਮੀ ਦੁਨੀਆ ਇਸ ਲੋਕ ਦੇ ਦੁਨੀਆਦਾਰਾਂ ਦੀ ਦ੍ਰਿਸ਼ਟੀ ਤੋਂ ਅਗੰਮ ਅਗੋਚਰ ਹੈ। ਪਰ ਐਸੀ ਹੀ ਘੁਗ ਵਸ ਰਹੀ ਹੈ ਜੈਸੀ ਕਿ ਦ੍ਰਿਸ਼ਟਮਾਨ ਦੁਨੀਆ; ਸਗੋਂ ਉਹ ਵਧੇਰੀ ਘੁਗ ਵਸਦੀ ਹੈ। ਯਥਾ ਗੁਰਵਾਕ—

ਕੋਟਿ ਦਾਸ ਜਾ ਕੈ ਦਰਬਾਰੇ॥ ਨਿਮਖ ਨਿਮਖ ਵਸੈ ਤਿਨ ਨਾਲੇ॥੫॥ [ਸੂਹੀ ਮ: ੫, ਪੰ: ੭੩੯

ਸੂਖ ਮਹਲ ਜਾ ਕੇ ਊਚ ਦੁਆਰੇ॥
ਤਾ ਮਹਿ ਵਾਸਹਿ ਭਗਤ ਪਿਆਰੇ॥ (੭੩੯)
ਊਚ ਤੇ ਊਚ ਤਾ ਕਾ ਦਰਬਾਰਾ॥
ਕਈ ਜੰਤ ਬਿਨਾਹਿ ਉਪਾਰਾ॥ (੭੪੦)

ਕੋਟਾਨਕੋਟ ਖੂਹਣੀਆਂ ਭਗਤ ਜਨਾਂ ਦੀਆਂ ਸਚੜੇ ਸਚਖੰਡ ਦਰਬਾਰ ਵਿਖੇ ਵਸਿ ਰਸਿ ਰਹੀਆਂ ਹਨ। ਨਾਨਕ ਗੁਰੂ ਪੂਰੇ ਦੀ ਮਿਹਰੰਮਤ ਸੇਤੀ ਜਿਨ੍ਹਾਂ ਨੇ ਨਾਮ-ਧਨ ਸੰਚਿਆ, ਓਹ ਸਾਬਤ ਪੂੰਜੀ ਦੀ ਰਾਸ ਹਰਿ ਦਰਗਾਹ ਸਾਬਤ ਹੀ ਲੈ ਗਏ। ਅਤੇ ਸਚੀ ਦਰਗਾਹ ਦਰਬਾਰੀ ਸਚਖੰਡ ਅੰਦਰਿ ਸਾਬਾਸ ਧੰਨਿਤਾ ਸਹਿਤ ਪਰਵਾਣ ਪਏ। ਯਥਾ ਗੁਰਵਾਕ—

ਰਾਮ ਨਾਮ ਧਨੁ ਸੰਚਿਆ, ਸਾਬਤੁ ਪੂੰਜੀ ਰਾਸਿ॥
ਨਾਨਕ ਦਰਗਹ ਮੰਨਿਆ, ਗੁਰ ਪੂਰੇ ਸਾਬਾਸਿ॥੧੪॥

[ਸੂਹੀ ਮ: ੪, ਪੰਨਾ ੭੫੯

ਜੋ ਜੋ ਗੁਰਮੁਖ ਜਨ ਆਪਨੜੇ ਪ੍ਰਭ ਭਾਣਿਆ ਹੈ ਸੋ ਹਰਿ ਦਰਗਾਹ ਪੈਧਾ ਜਾਂਦਾ ਹੈ। ਐਥੇ ਭੀ ਓਸ ਨੂੰ ਸਚੇ ਸੁਖ ਦੀ ਨੇਅਮਤ ਮਿਲਦੀ ਹੈ ਤੇ ਅਗੇ ਜਾ ਕੇ ਉਸ ਦਾ ਮੁਖ ਉਜਲਾ ਰਹਿੰਦਾ ਹੈ। ਸਤਿਗੁਰੂ ਦੀ ਆਗਿਆ ਸਤਿ ਸਤਿ ਕਰ ਮੰਨਣਹਾਰਿਆਂ ਅਤੇ ਸਤਿਗੁਰੂ ਦਾ ਹੁਕਮ ਕਮਾਣਹਾਰਿਆਂ ਗੁਰਮੁਖ ਨਾਮ-ਨਿਵਾਸੀਆਂ ਨੂੰ ਅਗੇ ਚਲ ਕੇ ਪਾਰਬ੍ਰਹਮ ਪਰਮੇਸ਼ਰ ਵਲੋਂ ਮਾਨ ਆਦਰ ਮਿਲਦਾ ਹੈ। ਯਥਾ ਗੁਰਵਾਕ—

ਆਪਨੜੇ ਪ੍ਰਭ ਭਾਣਿਆ, ਦਰਗਹ ਪੈਧਾ ਜਾਇ ਜੀਉ॥ ਐਥੈ ਸੁਖੁ ਮੁਖੁ ਉਜਲਾ, ਇਕੋ ਨਾਮੁ ਧਿਆਇ ਜੀਉ॥ ਆਦਰੁ ਦਿਤਾ ਪਾਰਬ੍ਰਹਮਿ, ਗੁਰੁ ਸੇਵਿਆ ਸਤਿ ਭਾਇ ਜੀਉ॥੪॥

[ਸੂਹੀ ਮ: ੫, ਪੰਨਾ ੭੬੦

ਦੇਖਿਆ ਜੀ! ਪਾਰਬ੍ਰਹਮ ਦੀ ਦਰਗਾਹ ਵਿਚ ਸਚੇ ਆਦਰ ਮਿਲਦੇ ਹਨ, ਮਾਨ ਮਿਲਦੇ ਹਨ। ਪਰ ਇਸ ਲੋਕ ਵਿਖੇ ਸੁਖਦਾਤਾ ਸੁਆਮੀ ਸਿਮਰਨਹਾਰਿਆਂ ਨੂੰ ਮਿਲਦੇ ਹਨ —

ਸਿਮਰਿ ਸਿਮਰਿ ਸਿਮਰਿ ਸੁਖਦਾਤਾ, ਜਾ ਕਾ ਕੀਆ ਸਗਲ ਜਹਾਨੁ॥ ਰਸਨਾ ਰਵਹੁ ਏਕੁ ਨਾਰਾਇਣੁ, ਸਾਚੀ ਦਰਗਹ ਪਾਵਹੁ ਮਾਨੁ॥੧॥

[ਬਿਲਾਵਲ ਮ: ੫, ਸਫ਼ਾ ੮੨੭

ਸਤਿਗੁਰੂ ਦੀ ਸੇਵਾ ਤੋਂ ਸਦਾ ਕਿਰਤਾਰਥ ਕਰਨਹਾਰਾ ਨਾਮ-ਪਦਾਰਥ ਅਧਿਕਾਰੀ ਜਨਾਂ ਨੂੰ ਮਿਲਦਾ ਹੈ। ਤਿਨ੍ਹਾਂ ਨੂੰ ਸਚੀ ਦਰਗਾਹ ਪੁੱਛ ਨਹੀਂ ਹੁੰਦੀ। ਹੁਕਮ ਮੰਨਣਹਾਰੇ ਹੀ ਸਚੀ ਦਰਗਾਹ ਸੀਝਦੇ ਹਨ —

ਗੁਰ ਸੇਵਾ ਤੇ ਲਹੈ ਪਦਾਰਥੁ॥ ਹਿਰਦੈ ਨਾਮੁ ਸਦਾ ਕਿਰਤਾਰਥੁ॥ ਸਾਚੀ ਦਰਗਹ ਪੂਛ ਨ ਹੋਇ॥ ਮਾਨੇ ਹੁਕਮੁ ਸੀਝੈ ਦਰਿ ਸੋਇ॥੬॥

[ਬਿਲਾਵਲ ਮ: ੧, ਪੰਨਾ ੮੩੨

ਸਭ ਬਰਕਤਾਂ ਨਾਮ ਦੀ ਆਗਿਆ ਦੀ ਕਮਾਈ ਵਿਚ ਹਨ। ਨਾਮ ਦੇ ਪਰਤਾਪ ਅਗਲੀ ਦਰਗਾਹ ਵਿਖੇ ਮੁਖ ਉਜਲੇ ਹੁੰਦੇ ਹਨ। ਨਾਮ ਕਮਾਵਣਹਾਰਿਆਂ ਤੇ ਨਾਮ-ਅਭਿਆਸੀਆਂ ਦੀਆਂ ਸਾਰੀਆਂ ਕੁਲਾਂ ਦਾ ਉਧਾਰ ਹੋ



www.AKJ.Org

ਜਾਂਦਾ ਹੈ। ਨਾਮ ਕਮਾਵਣਹਾਰਿਆਂ ਦੇ ਸਾਰੇ ਕਾਰਜ ਰਾਸ ਹੋ ਜਾਂਦੇ ਹਨ। **ਦਹਿਦਿਸ ਧਾਵਣਹਾਰਾ ਮਨੂਆ ਕੇਵਲ ਨਾਮ ਨਾਲਿ ਗੁੜ ਮਿੜ ਕੇ ਹੀ ਵਸਗਤਿ ਆਉਂਦਾ ਹੈ।** ਸਚੀ ਸੂਰਮਤਾਈ ਵਾਲਾ ਨਿਰਭੈ ਪਦ ਹੀ ਨਾਮ ਜਪਣ ਕਰਿ ਪ੍ਰਾਪਤ ਹੁੰਦਾ ਹੈ। ਆਵਣ ਜਾਣਾ ਚੁਰਾਸੀ ਦਾ ਗੇੜ ਭੀ ਨਾਮ ਦੁਆਰਾ ਹੀ ਦੂਰ ਹੁੰਦਾ ਹੈ। ਇਹ ਸਤਿਗੁਰੂ ਪੂਰੇ ਦੇ ਪ੍ਰਸਾਦਿ ਪ੍ਰਤਾਪ ਕਰਿ ਹੀ ਹੈ ਕਿ ਨਾਮ ਮਿਲਦਾ ਹੈ ਅਤੇ ਨਾਮ ਨਾਮੀ ਦੀ ਪ੍ਰਾਪਤੀ ਭੀ ਹੁੰਦੀ ਹੈ ਤੇ ਸੁਖ ਸਹਿਜ ਅੰਦਰ ਨਿਵਾਸ ਹੁੰਦਾ ਹੈ। ਗੁਰਵਾਕ—

ਨਾਮੇ ਦਰਗਹ ਮੁਖ ਉਜਲੇ ॥ ਨਾਮੇ ਸਗਲੇ ਕੁਲ ਉਧਰੇ ॥ ਨਾਮਿ ਹਮਾਰੇ ਕਾਰਜ ਸੀਧ ॥ ਨਾਮ ਸੰਗਿ ਇਹੁ ਮਨੂਆ ਗੀਧ ॥੩॥ ਨਾਮੇ ਹੀ ਹਮ ਨਿਰਭਉ ਭਏ ॥ ਨਾਮੇ ਆਵਨ ਜਾਵਨ ਰਹੇ ॥ ਗੁਰਿ ਪੂਰੈ ਮੇਲੇ ਗੁਣਤਾਸ ॥ ਕਹੁ ਨਾਨਕ ਸੁਖਿ ਸਹਜਿ ਨਿਵਾਸੁ ॥੪॥

[ਗੋਂਡ ਮ: ੫, ਪੰਨਾ ੮੬੩

ਸਚੀ ਦਰਗਹਿ ਦਾ ਵਾਸ, ਸਚੀ ਦਰਗਾਹ ਦੀ ਸੁਖ-ਰਾਸ ਸੰਗਤ ਤਿਨ੍ਹਾਂ ਨੂੰ ਹੀ ਮਿਲਦੀ ਹੈ, ਜੋ ਨਾਮ ਦੀਆਂ ਐਸੀਆਂ ਅਤੁਟ ਕਮਾਈਆਂ ਕਰਦੇ ਹਨ ਅਤੇ ਐਸੀ ਭਗਤੀ-ਭਾਵ-ਮਈ ਸੇਵਾ ਕਰਦੇ ਹਨ ਕਿ ਸਭ ਤੋਂ ਉਪਰ ਬਣ ਜਾਂਦੇ ਹਨ। ਨਾਮ-ਨਿਧਾਨ ਦੀ ਲਿਵਲੀਨਤਾ ਦੀ ਸਾਰੀ ਹਉਮੈ ਦੂਰ ਕਰ ਕੇ ਅਧੀਨਗੀ, ਸਚੀ ਦਿਲ-ਗਰੀਬੀ ਲਿਆਉਂਦੀ ਹੈ। **ਆਪਣੇ ਆਪ ਨੂੰ ਸਭ ਤੋਂ ਨੀਵਾਂ ਨੀਚਾ ਮੰਨਣ ਮਨਾਉਣ ਵਿਚ ਸਚਾ ਅਨੰਦ-ਰਸ** ਜਾ ਮਾਣਦਾ ਹੈ। ਯਥਾ ਗੁਰਵਾਕ—

ਪਵਹੁ ਚਰਣ ਤਲਿ ਊਪਰਿ ਆਵਹੁ, ਐਸੀ ਸੇਵ ਕਮਾਵਹੁ ॥ ਆਪਸ ਤੇ ਊਪਰਿ ਸਭ ਜਾਣਹੁ, ਤਉ ਦਰਗਹ ਸੁਖੁ ਪਾਵਹੁ ॥੧॥

[ਰਾਮਕਲੀ ਮ: ੫. ਪੰਨਾ ੮੮੩

ਗੁਰਮਤਿ ਨਾਮ ਦੀ ਸਿਫ਼ਤਿ-ਸਲਾਹ ਕੀਤਿਆਂ ਅਤੇ ਹਰਿ ਹਰਿ ਗੁਣ ਗਾਵੀਤਿਆਂ, ਕੀਰਤਨ ਕੀਤਿਆਂ ਨਿਥਾਵਿਆਂ ਨੂੰ ਭੀ ਹਰਿ ਦਰਗਹ ਅੰਦਰਿ ਥਾਉਂ ਮਿਲਦਾ ਹੈ। ਯਥਾ ਗੁਰਵਾਕ—

ਬੀਜ ਮੰਤ੍ਰ ਹਰਿ ਕੀਰਤਨੁ ਗਾਉ ॥ ਆਗੈ ਮਿਲੀ ਨਿਥਾਵੇ ਥਾਉ ॥ [ਰਾਮਕਲੀ ਮ: ੫, ੮੯੧

ਰੈਣਿ ਦਿਨਸੁ ਜਪਉ ਹਰਿ ਨਾਉ ॥
ਆਗੈ ਦਰਗਹ ਪਾਵਉ ਥਾਉ ॥ (੮੯੩)

ਜਪਿ ਜਪਿ ਜੀਵਾ ਤੇਰਾ ਨਾਉ ॥
ਆਗੈ ਦਰਗਹ ਪਾਵਉ ਠਾਉ ॥ (੮੯੩)

ਤਥਾ—

ਗੁਰ ਕੀ ਹਰਿ ਟੇਕ ਟਿਕਾਇ ॥ ਅਵਰ ਆਸਾ ਸਭ ਲਾਹਿ ॥ ਹਰਿ ਕਾ ਨਾਮੁ ਮਾਗੁ ਨਿਧਾਨੁ ॥ ਤਾ ਦਰਗਹ ਪਾਵਹਿ ਮਾਨ ॥ ਗੁਰ ਕਾ ਬਚਨੁ ਜਪਿ ਮੰਤੁ ॥ ਏਹਾ ਭਗਤਿ ਸਾਰ ਤਤੁ ॥

[ਰਾਮਕਲੀ ਮ: ੫, ੮੯੫

ਦੁਲਭ ਦੇਹ ਸਵਾਰਿ ॥ ਜਾਹਿ ਨ ਦਰਗਹ ਹਾਰਿ ॥ ਹਲਤਿ ਪਲਤਿ ਤੁਧੁ ਹੋਇ ਵਡਿਆਈ ॥ ਅੰਤ ਕੀ ਬੇਲਾ ਲਏ ਛਡਾਈ ॥੧॥ ਰਾਮ ਕੇ ਗੁਨ ਗਾਉ ॥ ਹਲਤੁ ਪਲਤੁ ਹੋਹਿ ਦੋਵੈ ਸੁਹੇਲੇ, ਅਚਰਜ ਪੁਰਖੁ ਧਿਆਉ ॥੧॥ਰਹਾਉ॥ ਊਠਤ ਬੈਠਤ ਹਰਿ ਜਾਪੁ ॥ ਬਿਨਸੈ ਸਗਲ ਸੰਤਾਪੁ ॥ ਬੈਰੀ ਸਭ ਹੋਵਹਿ ਮੀਤ ॥ ਨਿਰਮਲੁ ਤੇਰਾ ਹੋਵੈ ਚੀਤ ॥੨॥ ਸਭ ਤੇ ਊਤਮ ਇਹੁ ਕਰਮੁ ॥ ਸਗਲ ਧਰਮ ਮਹਿ ਸ੍ਰੇਸਟ ਧਰਮੁ ॥ ਹਰਿ ਸਿਮਰਨਿ ਤੇਰਾ ਹੋਇ ਉਧਾਰੁ ॥ ਜਨਮ ਜਨਮ ਕਾ ਉਤਰੈ ਭਾਰੁ ॥੩॥ ਪੂਰਨ ਤੇਰੀ ਹੋਵੈ ਆਸ ॥ ਜਮ ਕੀ ਕਟੀਐ ਤੇਰੀ ਫਾਸ ॥ ਗੁਰ ਕਾ ਉਪਦੇਸੁ ਸੁਨੀਜੈ ॥ ਨਾਨਕ ਸੁਖਿ ਸਹਜਿ ਸਮੀਜੈ ॥੪॥

[ਰਾਮਕਲੀ ਮ: ੫, ੮੯੫

[ਪੁਸਤਕ 'ਅਣਡਿਠੀ ਦੁਨੀਆ' ਵਿਚੋਂ

## ਜੇਠ ਸੁਦੀ ਚੌਥ ਦਾ ਸ਼ਹੀਦੀ ਗੁਰਪੁਰਬ ਹੁਸ਼ਿਆਰਪੁਰ ਵਿਖੇ

**ਪੂਰਾ ਪ੍ਰੋਗਰਾਮ ਆਉਂਦੇ ਪਰਚੇ ਵਿਚ ਵੇਖੋ**



www.AKJ.Org

# ਖ਼ਾਲਸਾ ਕਿਉਂ ਸਾਜਿਆ ਗਿਆ ?

[ ਵਲੋਂ— ਸਾਰੰਗ ਜੀ, ਕਪੂਰਥਲਾ ]

"ਜਰਨਲ ਆਫ਼ ਸਿਖ ਸਟੱਡੀਜ਼" ਫ਼ਰਵਰੀ 1974 ਵਿਚ ਏ. ਸੀ. ਬੈਨਰਜੀ ਦੇ ਲੇਖ ਵਿੱਚ ਇਤਿਹਾਸਕ-ਚਿੰਤਨ ਲਈ ਉਪਰੋਕਤ ਪ੍ਰਸ਼ਨ ਉਠਾਇਆ ਗਿਆ ਹੈ।

ਕੁਝ ਕੁ ਪੁਰਾਣੇ ਇਤਿਹਾਸਕਾਰ; ਜੇ. ਐਨ. ਸਰਕਾਰ, ਕਿਰਪਾਲ ਸਿੰਘ ਨਾਰੰਗ ਅਤੇ ਪਿਛਲੀ ਸ਼ਤਾਬਦੀ ਦੇ ਕਨਿੰਘਮ ਨੇ ਖ਼ਾਲਸਾ ਸਾਜੇ ਜਾਣ ਦਾ ਮੰਤਵ ਮੁਗ਼ਲਾਂ ਤੋਂ ਆਪਣੇ ਪਿਤਾ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਬਦਲਾ ਲੈਣਾ ਦਸਿਆ ਸੀ। ਇਸਦਾ ਆਮ ਪ੍ਰਭਾਵ ਅਜ ਤਕ ਇਹ ਪਿਆ ਹੋਇਆ ਹੈ ਕਿ "ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਇਸ ਲਈ ਸਾਜਿਆ ਕਿ ਸਮੇਂ ਦੇ ਸਿਆਸੀ ਹਾਲਾਤ ਇਸ ਗੱਲ ਦੀ ਮੰਗ ਕਰਦੇ ਸਨ। ਹੁਣ ਕਿਉਂਕਿ ਦੇਸ਼ ਦੇ ਸਿਆਸੀ ਹਾਲਾਤ ਬਦਲ ਚੁਕੇ ਹਨ ਤੇ ਸਰਕਾਰ ਪਾਸ ਭਾਰੀ ਫ਼ੌਜ ਬੜੇ ਸੁਚੱਜੇ ਢੰਗ ਨਾਲ ਹਰ ਸਮੇਂ ਦੇਸ਼ ਦੀ ਰੱਖਿਆ ਲਈ ਤਿਆਰ-ਬਰ-ਤਿਆਰ ਰਹਿੰਦੀ ਹੈ, ਇਸ ਲਈ ਖ਼ਾਲਸੇ ਦੀ ਹੁਣ ਕੋਈ ਬਹੁਤੀ ਮਹੱਤਤਾ ਜਾਂ ਲੋੜ ਨਹੀਂ ਰਹਿ ਗਈ।"

ਉਪਰੋਕਤ ਪ੍ਰਭਾਵ ਪੈਣਾ ਸੁਭਾਵਕ ਸੀ, ਕਿਉਂਕਿ ਇਤਿਹਾਸਕਾਰਾਂ ਦੀ ਗੱਲ ਅਸੀਂ ਮੰਨਣ ਲਈ ਤਿਆਰ ਰਹਿੰਦੇ ਹਾਂ। ਸਾਡੇ ਦਿਮਾਗ਼ ਨੇ ਇਹ ਕਬੂਲ ਕਰ ਲਿਆ ਹੁੰਦਾ ਹੈ ਕਿ ਇਤਿਹਾਸਕਾਰ ਆਖ਼ਰ ਇਕ ਸੂਝਵਾਨ ਮਾਹਰ (Expert) ਹੁੰਦਾ ਹੈ। ਪਰ ਇਥੇ ਇਹ ਚੇਤਾ ਕਰਾਣਾ ਅਤਿ ਜ਼ਰੂਰੀ ਅਤੇ ਲਾਹੇਵੰਦ ਹੋਵੇਗਾ ਕਿ ਇਤਿਹਾਸਕਾਰ ਭੀ ਸਾਡੇ ਸਾਰਿਆਂ ਵਾਂਗ ਭੁਲਣਹਾਰ ਪ੍ਰਾਣੀ ਹਨ। ਇਸੇ ਕਰਕੇ ਇਨ੍ਹਾਂ ਨੂੰ ਬਾਰ ਬਾਰ ਆਪਣੇ ਹੀ ਲਿਖੇ ਇਤਿਹਾਸ ਨੂੰ ਸਮਾਂ ਪਾ ਕੇ ਮੁੜ ਮੁੜ ਸੋਧਣਾ ਪੈਂਦਾ ਹੈ। ਜੋ ਗੱਲ ਕਨਿੰਘਮ ਨੇ ਆਖੀ ਸੀ, ਉਹ ਅਜ ਦਾ ਇਤਿਹਾਸਕਾਰ ਵਧੇਰੇ ਨਵੀਨ ਤਥ ਲਭ ਜਾਣ ਕਰਕੇ ਪਰਵਾਨ ਨਹੀਂ ਕਰਦਾ।

ਡਾ: ਏ. ਸੀ. ਬੈਨਰਜੀ ਆਪਣੇ ਲੇਖ ਵਿਚ ਬੜੀ ਚੰਗੀ ਤਰ੍ਹਾਂ ਸਿਧ ਕਰਨ ਦਾ ਜਤਨ ਕਰਦਾ ਹੈ ਕਿ ਭਾਵੇਂ ਮੁਗ਼ਲ ਸਰਕਾਰ ਦੇ ਉਸ ਸਮੇਂ ਦੇ ਪਹਾੜੀ ਰਾਜਿਆਂ ਨਾਲ, ਪਿਛਲੇ ਟੈਕਸ ਬਕਾਏ ਨਾ ਦੇਣ ਕਾਰਨ, ਅਤੇ ਈਨ ਨਾ ਮੰਨਣ ਕਾਰਨ 1694 ਤੋਂ 1697 ਤਕ ਜੰਗ ਹੋਏ, ਤੇ ਉਨ੍ਹਾਂ ਵਿੱਚ ਗੁਰੂ ਜੀ ਨੇ ਨਿਆਂ ਦਾ ਪਖ ਲੈਂਦੇ ਹੋਏ ਪਹਾੜੀ ਰਾਜਿਆਂ ਦੀ ਸਹਾਇਤਾ ਭੀ ਕੀਤੀ। ਇਸ ਤਰ੍ਹਾਂ ਮੁਗ਼ਲ ਸਰਕਾਰ ਦੀਆਂ ਨਜ਼ਰਾਂ ਵਿਚ ਆ ਗਏ ਸਨ, ਪਰ ਅਜੇ ਖ਼ਾਲਸਾ ਨਹੀਂ ਸੀ ਸਾਜਿਆ।

ਜੇ ਪੁਰਾਣੇ ਇਤਿਹਾਸਕਾਰਾਂ ਦੀਆਂ ਦਲੀਲਾਂ ਵਲ ਜਾਈਏ ਤਾਂ 1675 ਦਾ ਸਮਾਂ ਖ਼ਾਲਸਾ ਸਾਜਣ ਲਈ ਬਹੁਤ ਉਪਯੋਗੀ ਸੀ ਜਦੋਂ ਪਿਤਾ ਦਾ ਸ਼ਹੀਦੀ ਸਾਕਾ ਅਜੇ ਤਾਜ਼ਾ ਸੀ। ਖ਼ੁਸ਼ਵੰਤ ਸਿੰਘ ਵਰਗੇ ਆਪਣੇ ਦਿਲ ਦਾ ਡਰ ਸਿਖ ਇਤਿਹਾਸ ਵਿਚ ਲਿਖ ਮਾਰਦੇ ਹਨ ਕਿ "ਉਸ ਸਮੇਂ ਦੇ 'ਸਿਖ ਲੀਡਰਾਂ' (ਸ਼ੁਕਰ ਹੈ ਉਸ ਵੇਲੇ ਗੁਰੂ ਸਾਹਿਬ ਤੋਂ ਬਿਨਾਂ ਕੋਈ ਹੋਰ ਲੀਡਰ ਨਹੀਂ ਸੀ) ਨੂੰ ਆਪਣੇ ਬਾਲਾ-ਗੁਰੂ ਨੂੰ ਬਚਾਣ ਦੀ ਬਹੁਤੀ ਫ਼ਿਕਰ ਲਗੀ ਹੋਈ ਸੀ, ਇਸੇ ਲਈ ਉਹਨਾਂ ਨੂੰ ਪਾਉਂਟਾ ਸਾਹਿਬ ਲਿਜਾਇਆ ਗਿਆ।" ਹਾਲਾਂਕਿ ਸਚਾਈ ਇਹ ਹੈ ਕਿ ਬਾਲਾ-ਪ੍ਰੀਤਮ ਜੀ ਜ਼ਰਾ ਭੀ ਨਹੀਂ ਡਰੇ, ਤੇ ਅਨੰਦਪੁਰ ਹੀ ਟਿਕੇ ਰਹੇ ਅਤੇ 10 ਸਾਲਾਂ ਬਾਅਦ ਸਿਰਮੌਰ ਦੇ ਰਾਜਾ ਮੇਦਨੀ ਪ੍ਰਕਾਸ਼ ਦੇ ਸੱਦੇ ਤੇ ਪਹਾੜਾਂ ਵਲ ਪ੍ਰਚਾਰ ਲਈ ਗਏ। ਇਹ ਗੱਲ ਵੀ ਅੱਖੋਂ ਉਹਲੇ ਨਹੀਂ ਕਰਨੀ ਚਾਹੀਦੀ ਕਿ ਚੋਜੀ-ਪ੍ਰੀਤਮ ਜੀ ਕਦੀ ਭੀ ਫ਼ੌਜ ਤੋਂ ਬਿਨਾਂ ਨਹੀਂ ਰਹੇ, ਚਾਹੇ ਆਨੰਦਪੁਰ ਦੀ ਪਾਵਨ ਧਰਤੀ ਸੀ 1675—1685 ਤਕ, ਚਾਹੇ ਪਹਾੜੀ ਇਲਾਕੇ ਵਿਚ ਪ੍ਰਚਾਰ-ਦੌਰੇ ਤੇ ਸਨ। ਭੰਗਾਣੀ ਅਤੇ ਨਦੌਣ ਦੇ ਯੁਧ 1685—1688 ਤਕ ਬਿਨਾਂ ਫ਼ੌਜ ਦੇ ਕਿਸਤਰ੍ਹਾਂ ਹੋ ਸਕਦੇ ਸਨ? ਅਤੇ ਜੇ ਖ਼ਾਲਸਾ ਸਾਜਣ ਦਾ ਮੰਤਵ ਕੇਵਲ ਦੇਸ਼ ਅਤੇ ਧਰਮ ਦੀ ਰੱਖਿਆ ਕਰਨਾ ਹੀ ਹੁੰਦਾ ਜਿਸਤਰ੍ਹਾਂ ਸਾਨੂੰ ਅਜ ਤਕ ਇਤਿਹਾਸਕਾਰ ਦਸਦੇ ਆ ਰਹੇ ਹਨ, ਤਾਂ ਖ਼ਾਲਸਾ ਸਾਜਣ ਦੇ ਮੌਕੇ 1699 ਤੋਂ ਬਹੁਤ ਪਹਿਲਾਂ ਹੀ ਬਣ ਚੁਕੇ ਸਨ। ਤਾਂ ਫਿਰ ਕੀ ਕਾਰਨ ਸੀ ਕਿ ਖ਼ਾਲਸੇ ਦੀ ਸਾਜਨਾ 1699 ਦੀ ਵਿਸਾਖੀ ਨੂੰ ਹੀ ਕੀਤੀ ਗਈ ਅਤੇ



www.AKJ.Org

ਇਸ ਤੋਂ ਪਹਿਲਾਂ ਨਹੀਂ ?

ਰਾਜਨੀਤਕ ਦ੍ਰਿਸ਼ਟੀਕੋਣ ਤੋਂ ਇਸ ਸਵਾਲ ਦਾ ਜਵਾਬ ਨਹੀਂ ਮਿਲਦਾ, ਜਿਹਾ ਕਿ ਏ. ਸੀ. ਬੈਨਰਜੀ ਨੇ ਭੀ ਆਪਣੇ ਉਪਰੋਕਤ ਲੇਖ ਵਿਚ ਪਰਵਾਨ ਕਰਦੇ ਹੋਏ ਦਸਿਆ ਹੈ। ਅਜ ਦੇ ਇਤਿਹਾਸਕਾਰ ਨੂੰ ਬਰਤਾਨਵੀ ਜਾਂ ਯੂਰਪੀਨ ਲੀਹਾਂ ਦੀ ਟ੍ਰੇਨਿੰਗ ਨੇ ਇਕ ਲੀਕ (track) ਉਤੇ ਪਾਇਆ ਹੋਇਆ ਹੈ ਕਿ ਉਹ ਕਿਸੇ ਭੀ ਘਟਨਾ ਨੂੰ, ਜਾਂ ਕਿਸੇ ਭੀ ਸ਼ਖਸੀਅਤ ਨੂੰ ਸਦਾ ਸਿਆਸੀ ਰੰਗ-ਮੰਚ ਜਾਂ ਸਿਆਸੀ ਹਿਲ-ਜੁਲ ਦੀ ਪੈਦਾਇਸ਼ ਸਮਝਦੇ ਹਨ। ਜਿਵੇਂ ਮਨੁਖ ਕੇਵਲ ਸਿਆਸੀ ਪ੍ਰਾਣੀ ਹੀ ਹੈ। **ਭਾਰਤ ਦਾ ਸਾਰਾ ਇਤਿਹਾਸ ਕੇਵਲ ਸਿਆਸੀ-ਵਿਕਾਸ ਦੀ ਦ੍ਰਿਸ਼ਟੀ ਤੋਂ ਲਿਖਿਆ ਜਾਂ ਪੜ੍ਹਾਇਆ ਜਾਂਦਾ ਹੈ, ਜਿਸਦਾ ਨਤੀਜਾ ਇਹ ਨਿਕਲ ਰਿਹਾ ਹੈ ਕਿ ਸਾਡਾ ਨੌਜਵਾਨ ਕੇਵਲ ਸਿਆਸੀ ਰੰਗਣ ਵਿਚ ਰੰਗੀਜ ਗਿਆ ਹੈ। ਹਾਲਾਂ ਕਿ ਪੁਰਾਤਨ ਭਾਰਤ ਦੇ ਲੋਕਾਂ ਦਾ ਜੀਵਨ ਸਿਆਸੀ ਨਾਲੋਂ ਵਧੇਰੇ ਧਾਰਮਕ ਤੇ ਸਮਾਜਕ ਸੀ।** ਭੈੜੇ ਮਨੁਖ ਅਤੇ ਚੰਗੇ ਮਨੁੱਖ ਵਿਚ ਫ਼ਰਕ ਧਾਰਮਕ ਸੰਤੁਲਨ, ਸਮਾਜਿਕ ਜ਼ਿਮੇਵਾਰੀਆਂ ਜਾਂ ਆਪਣੇ ਫ਼ਰਜ਼ ਦੀ ਪਛਾਣ ਦੇ ਆਧਾਰ ਤੇ ਹੁੰਦਾ ਸੀ। ਜਿਸਤਰ੍ਹਾਂ ਅਜ ਦਾ ਮਨੁੱਖ ਸੈਕੂਲਰ (ਅਧਾਰਮਿਕ) ਅਖਵਾਣ ਵਿਚ ਮਾਣ ਸਮਝਦਾ ਹੈ।

ਖ਼ਾਲਸੇ ਦੀ ਸਾਜਨਾ ਦੇ ਪ੍ਰਸ਼ਨ ਦਾ ਉਤਰ ਅਸੀਂ ਚੋਜੀ-ਪ੍ਰੀਤਮ ਜੀ ਦੀ ਆਪਣੀ ਬਾਣੀ ਵਿਚੋਂ ਹੀ ਲਭਣ ਦਾ ਜਤਨ ਕਰੀਏ। ਉਨ੍ਹਾਂ ਨੂੰ ਕਿਨ੍ਹਾਂ ਗੱਲਾਂ ਨੇ ਪ੍ਰੇਰਿਆ ਹੋਵੇਗਾ ਕਿ ਗੁਰੂ ਨਾਨਕ ਦੇਵ ਜੀ ਤੋਂ ਚਲਦੀ ਆ ਰਹੀ ਸਿਖ-ਸੰਗਤ ਨੂੰ, ਨਾਨਕ-ਪੰਥੀ ਸਮਾਜ ਨੂੰ ਨਵਾਂ ਰੂਪ, ਨਵਾਂ ਨਾਂ, ਨਵਾਂ ਉਦੇਸ਼ ਦੇ ਦੇਣ ? ਅਸੀਂ ਤਾਂ ਭੁਲਣਹਾਰ ਹਾਂ। ਅਤੇ ਕੇਵਲ ਅਨੁਮਾਨ ਹੀ ਲਗਾ ਸਕਦੇ ਹਾਂ। ਖ਼ਾਲਸੇ ਜੀ ਦਾ "ਪਿਤਾ" ਹੀ ਜਾਣਦਾ ਹੈ ਕਿ ਅਸਲੀ ਮੰਤਵ ਕੀ ਸੀ ? ਜਦੋਂ 1699 ਦੀ ਵਿਸਾਖੀ ਨੂੰ ਅਚਾਨਕ ਡਰਾਮਾਈ ਤਰੀਕੇ ਨਾਲ (ਜਿਵੇਂ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਦੀ ਚੋਣ ਕਰਨ ਸਮੇਂ ਸਾਂਗ ਪਲਟਾਇਆ ਸੀ) ਤਲਵਾਰ ਦੀ ਨੋਕ ਉਤੇ ਖ਼ਾਲਸੇ ਦੀ ਸਾਜਨਾ ਕੀਤੀ।

ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਸਾਰੇ ਗੁਰੂ ਸਾਹਿਬਾਨ ਆਪਣੇ ਪਿਛੋਂ ਸਿੱਖਾਂ ਦੀ ਅਗਵਾਈ ਕਰਨ ਹਿਤ, ਆਪਣੀ ਜੋਤ ਯੋਗ ਵਿਅਕਤੀ ਵਿਚ ਪ੍ਰਵੇਸ਼ ਕਰਦੇ ਆਏ ਸਨ। ਇਸ ਚੋਣ ਉਤੇ ਕੁਝ ਬੇਮੁਖ ਝਗੜਾਲੂ ਕਿੰਤੂ ਭੀ ਕਰਦੇ ਆਏ ਹਨ। ਗੁਰੂ ਅਰਜਨ ਦੇਵ ਜੀ ਦੇ ਭ੍ਰਾਤਾ ਪ੍ਰਿਥੀ ਚੰਦ ਨੇ ਤਾਂ ਡਟ ਕੇ ਵਿਰੋਧ ਭੀ ਕੀਤਾ। ਇਨ੍ਹਾਂ ਤੋਂ ਪਿਛੋਂ ਧੀਰ-ਮਲੀਏ ਅਤੇ ਰਾਮ-ਰਾਈਏ ਗੁਰੂ-ਗੱਦੀ ਤੇ ਆਪਣਾ ਅਧਿਕਾਰ ਜਿਤਾਉਣ ਦਾ ਲਖ ਜਤਨ ਕਰਦੇ ਰਹੇ, ਪਰ ਇਹ ਗੁਰੂ ਨਾਨਕ ਸਾਹਿਬ ਜੀ ਦੇ ਸਾਜੇ ਪੰਥ ਦੀ ਖ਼ੁਸ਼ਕਿਸਮਤੀ ਸੀ ਕਿ ਸਮਰਥ ਗੁਰੂ ਸਦਾ ਸਿਰ ਤੇ ਸਨ ਤੇ ਇਸਦੀ ਅਗਵਾਈ ਸਦਾ ਯੋਗ ਹੱਥਾਂ ਵਿਚ ਹੀ ਰਹੀ ਹੈ। ਇਤਿਹਾਸਕਾਰਾਂ ਦਾ ਖ਼ਿਆਲ ਹੈ ਕਿ ਔਰੰਗਜ਼ੇਬ ਨੇ ਰਾਮਰਾਏ ਅਤੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਮਹਾਰਾਜ ਵਿਚਕਾਰ ਗੁਰ-ਗੱਦੀ ਪਿਛੇ ਝਗੜੇ ਦੀ ਸਾਲਸੀ ਲਈ ਗੁਰੂ ਜੀ ਨੂੰ ਦਿੱਲੀ ਸਦਿਆ ਸੀ। ਪਰ ਇਸ ਕਹਾਣੀ ਦਾ ਸਿਲਸਿਲਾ ਅਗੋਂ ਜਾ ਕੇ ਨਹੀਂ ਤੁਰਦਾ, ਕਿਉਂਕਿ ਅਠਵੇਂ ਬਾਲਾ ਪ੍ਰੀਤਮ ਜੀ ਦੇ ਦਿੱਲੀ ਵਿਚ ਜੋਤੀ ਜੋਤਿ ਸਮਾ ਜਾਣ ਤੋਂ ਬਾਅਦ ਜੇ ਔਰੰਗਜ਼ੇਬ ਦੀ ਹਿੰਮਤ ਹੁੰਦੀ ਤਾਂ ਰਾਮ-ਰਾਏ ਨੂੰ 'ਨਾਨਕ-ਪੰਥੀ' ਗੁਰੂ ਮੰਨ ਕੇ ਆਪਣੇ ਵਲੋਂ ਮਾਨਤਾ ਦਿੰਦਾ, ਪਰ ਮਹਾਨਤਾ ਦੇਣ ਦੀ ਬਜਾਏ ਉਸ ਨੂੰ ਆਪਣੇ ਦਰਬਾਰ ਵਿਚੋਂ ਚਲੇ ਜਾਣ ਦਾ ਹੁਕਮ ਦਿਤਾ। (ਰਾਮ ਰਾਏ ਡੇਰਾਦੂਨ ਚਲਾ ਜਾਂਦਾ ਹੈ)। ਪਰ ਅਸਲੀ ਗੁਰੂ ਦੀ ਚੋਣ ਬਾਲਾ ਪ੍ਰੀਤਮ ਜੀ "ਬਾਬਾ ਬਕਾਲੇ" ਦੇ ਸੰਕੇਤਕ ਸ਼ਬਦਾਂ ਵਿਚ ਹੀ ਕਰ ਜਾਂਦੇ ਹਨ। ਸਿਖਾਂ ਵਿਚ ਪਹਿਲੀ ਵਾਰ ਭੁਲੇਖਾ ਪੈ ਜਾਂਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦੇ ਸਨ ਕਿ ਉਨ੍ਹਾਂ ਤੋਂ ਪਿਛੋਂ ਭੀ ਇਸ (ਗੁਰੂ ਨਾਨਕ) ਫੁਲਵਾੜੀ ਦੇ ਕਈ ("ਸਿਆਣੇ") ਲੋਕ ਮਾਲਕ ਬਣ ਬਣ ਬੈਠਣਗੇ। ਹੁਣ ਤਕ ਸ਼ਬਦ-ਗੁਰੂ ਦਾ ਸਰੂਪ ਤਿਆਰ ਹੋ ਚੁਕਾ ਸੀ। ਪਰ ਅਜੇ ਗੁਰ-ਗੱਦੀ ਅਗੋਂ ਚਲ ਕੇ ਦੇਣੀ ਸੀ। ਪਰ ਇਸ ਸ਼ਬਦ-ਗੁਰੂ ਦੇ, (ਦਸੋਂ ਪਾਤਸ਼ਾਹੀਆਂ ਦੇ) ਸਰਗੁਣ ਸਰੂਪ ਦੇ ਜੋਤਿ ਸਰੂਪੀ ਦਰਸ਼ਨ ਕਰਨ ਲਈ, ਖ਼ਾਲਸੇ ਦੀ ਰਚਨਾ ਕਰਨੀ ਜ਼ਰੂਰੀ ਸੀ। ਸਰਬ ਲੋਹ ਗ੍ਰੰਥ ਵਿਚ ਖ਼ਾਲਸੇ ਦੀ ਜੋ ਉਪਮਾ ਕੀਤੀ ਗਈ ਹੈ ਉਹ ਸਿਧ ਕਰਦੀ ਹੈ ਕਿ ਹੁਣ ਤੋਂ ਬਾਅਦ ਖ਼ਾਲਸੇ ਨੂੰ



www.AKJ.Org

ਕੋਈ (exploit) ਗੁਮਰਾਹ ਨਹੀਂ ਕਰ ਸਕੇਗਾ। ਖ਼ਾਲਸਾ ਹੁਣ ਤੋਂ ਬਾਅਦ ਗੁਰੂ ਦੀ ਥਾਂ ਲੈ ਕੇ, ਪਰ ਸ਼ਬਦ-ਗੁਰੂ ਦੀ ਹਜ਼ੂਰੀ ਵਿਚ ਅਤੇ ਤਾਬਿਆ ਵਿਚ ਪਾਹੁਲ ਦੇਣ ਦਾ ਅਧਿਕਾਰੀ ਹੋਵੇਗਾ। ਖ਼ਾਲਸਾ ਸਾਜਣ ਤੋਂ ਪਹਿਲਾਂ ਕਦੀ ਕਿਸੇ ਸਿਖ ਨੇ, ਜਾਂ ਪੰਜ ਸਿਖਾਂ ਨੇ ਮਿਲ ਕੇ ਗੁਰੂ ਜੀ ਵਲੋਂ ਸਿਖ ਸੰਗਤਾਂ ਨੂੰ ਅੰਮ੍ਰਿਤ ਨਹੀਂ ਸੀ ਛਕਾਇਆ। ਪਰ ਪਿਛੋਂ ਹੋ ਸਕਦਾ ਸੀ ਕਿ ਸ਼ਖ਼ਸੀ ਗੁਰੂ ਦੀ ਘਾਟ ਮਹਿਸੂਸ ਕਰਦਿਆਂ ਗੁਰੂ-ਪੰਥ ਵਿਚ ਪ੍ਰਾਣੀਆਂ ਨੂੰ ਸ਼ਾਮਲ ਕਰਨ ਦੇ ਤਰੀਕੇ ਵਖੋ-ਵਖਰੇ ਹੋ ਜਾਂਦੇ।

ਧੰਨ ਹਨ ਚੋਜੀ ਪ੍ਰੀਤਮ ਜੀ, ਜਿਨ੍ਹਾਂ ਸਮਾਂ ਨੇੜੇ ਜਾਣ ਕੇ ਆਪਣੀ ਹਥੀਂ ਖ਼ਾਲਸੇ ਦੀ ਸਾਜਨਾ ਕੀਤੀ ਅਤੇ ਹੇਠ ਲਿਖੇ ਕਾਰਨ ਦਸੇ, ਤਾਂਕਿ ਪਿਛੋਂ ਇਤਿਹਾਸਕਾਰ ਅਤੇ ਪੰਥ ਭੁਲੇਖੇ ਵਿਚ ਨਾ ਪੈ ਜਾਣ।

### ਖ਼ਾਲਸਾ ਪ੍ਰਭੂ ਪਰਮਾਤਮਾ ਦੀ ਆਗਿਆ ਨਾਲ ਸਾਜਿਆ ਹੈ —

"ਖ਼ਾਲਸਾ ਅਕਾਲ ਪੁਰਖ ਕੀ ਫੌਜ ॥
ਪ੍ਰਗਟਿਓ ਖਾਲਸਾ ਪਰਮਾਤਮ ਕੀ ਮੌਜ ॥"
(ਸਰਬ ਲੋਹ ਗ੍ਰੰਥ)

ਇਥੋਂ ਹੀ ਫ਼ਤਹ ਦਾ ਨਾਅਰਾ ਬਣਾਇਆ—
ਵਾਹਿਗੁਰੂ ਜੀ ਕਾ ਖ਼ਾਲਸਾ,
ਵਾਹਿਗੁਰੂ ਜੀ ਕੀ ਫ਼ਤਹ॥

ਖ਼ਾਲਸਾ ਦਸੋਂ ਪਾਤਸ਼ਾਹੀਆ ਵਲੋਂ ਕੀਤੇ ਗਏ ਜਤਨਾਂ ਦਾ ਅੰਤਮ ਸਰੂਪ ਹੈ, ਜੋ ਪੰਜ-ਭੂਤਕੀ ਸਰੀਰ ਵਿਚ ਵਿਚਰਦਾ ਹੋਇਆ ਭੀ ਪਰਮ-ਮਨੁਖ (perfect human being) ਹੈ।

ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ ॥
ਪ੍ਰਭ ਮਹਿ,ਮੋ ਮਹਿ,ਤਾਸ ਮਹਿ,ਰੰਚਕ ਨਾਹਨ ਭੇਵ ॥
(ਸਰਬ ਲੋਹ ਗ੍ਰੰਥ)

ਅਤੇ ਫਿਰ— ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸੇ ਮੈ ਹਉ ਕਰਉ ਨਿਵਾਸ।

ਉਪਰੋਕਤ ਗੁਰ-ਫ਼ੁਰਮਾਨ ਇਸ ਗੱਲ ਬਾਰੇ ਇਤਿਹਾਸ-ਕਾਰਾਂ ਦੀਆਂ ਸਾਰੀਆਂ ਕਿਆਸ-ਆਰਾਈਆਂ ਨੂੰ ਰਦ ਕਰ ਦਿੰਦੇ ਹਨ ਕਿ ਖ਼ਾਲਸੇ ਦੀ ਸਿਰਜਨਾ ਅਕਾਲ ਪੁਰਖ ਜੀ ਦਾ ਹੁਕਮ ਮਿਲਣ ਤੇ ਕੀਤੀ ਗਈ। ਇਸ ਗੱਲ ਨੂੰ ਸਿਆਸੀ-ਲੀਹਾਂ ਉਤੇ ਚਲਣ ਵਾਲੇ ਇਤਿਹਾਸਕਾਰ ਪਰਵਾਨ ਕਰਨ ਤੋਂ ਕੁਝ ਸੰਕੋਚ ਕਰਦੇ ਹਨ, ਕਿਉਂਕਿ ਉਹ ਗੁਰੂ ਜੀ ਨੂੰ ਇਕ ਸਾਧਾਰਨ ਮਨੁਖ ਹੀ ਸਮਝਦੇ ਹਨ। ਉਹਨਾਂ ਨੂੰ ਕੀ ਪਤਾ, ਉਹ ਤਾਂ ਬ੍ਰਹਮ ਗਿਆਨ ਦੇ ਮਾਲਕ ਸਨ। ਜੇ ਇਸ ਤਰ੍ਹਾਂ ਸਮਝਿਆ ਜਾਏ ਕਿ ਗੁਰੂ ਉਹ ਵਿਅਕਤੀ ਹੈ ਜੋ ਸਚਖੰਡ-ਮੰਡਲ ਵਿਚ ਬੈਠਾ ਹੈ। ਉਸ ਮੰਡਲ ਵਿਚ ਉਸ ਨੂੰ ਸਚ-ਖੰਡ ਦੀ ਜੋਤਿ ਦੇ ਲਟ ਲਟ ਦਰਸ਼ਨ ਹੋ ਰਹੇ ਹਨ, ਅਕਾਲ-ਪੁਰਖ ਦੀ ਮੌਜ ਦਾ ਖਿਨ ਖਿਨ ਪਤਾ ਲਗ ਰਿਹਾ ਹੈ, ਹਜ਼ੂਰੀ ਫ਼ੁਰਮਾਨਾਂ ਦੀ ਸੱਦ ਸੁਣੀਦੀ ਹੈ। ਪਰ ਸਚਖੰਡ-ਮੰਡਲ ਤੋਂ ਬਾਹਰ ਮਾਇਆ ਦਾ ਪਸਾਰਾ ਹੈ, ਅਗਿਆਨਤਾ ਹੈ, ਅੰਧਕਾਰ ਹੈ, ਕਿਆਸ (immagination) ਹੈ। ਮਨੁਖ ਆਪਣੀ ਚਤਰਾਈ ਵਿਚ ਤੁਰਿਆ ਫਿਰਦਾ ਹੈ। ਇਧਰ ਸਚਖੰਡ ਮੰਡਲ ਵਿਚ ਖੜੇ ਚੋਜੀ ਪ੍ਰੀਤਮ ਜਾਣਦੇ ਹਨ, ਹੁਕਮ ਕੀ ਹੈ? ਕੀ ਹੋਣਾ ਹੈ? ਇਹ ਉਹ ਮੁਕਾਮ ਹੈ ਜਿਥੇ ਭੂਤ ਵਰਤਮਾਨ ਤੇ ਭਵਿਖ ਤਿੰਨਾਂ ਕਾਲਾਂ ਦਾ ਸੰਗਮ ਹੋ ਰਿਹਾ ਹੈ। ਕੀ ਹੋ ਚੁਕਾ ਹੈ, ਕੀ ਹੋ ਰਿਹਾ ਹੈ ਅਤੇ ਅਗੋਂ ਕੀ ਹੋਵੇਗਾ। ਪਰ ਮੰਡਲ ਦੇ ਬਾਹਰਵਾਰ ਅਜੇ ਹਨੇਰਾ ਹੈ। ਉਥੇ ਤਾਂ ਵਰਤਮਾਨ ਦੀ ਸੋਝੀ ਭੀ ਮਸਾਂ ਹੀ ਹੁੰਦੀ ਹੈ। ਭੂਤ ਤੇ ਭਵਿਖ ਪੂਰੀ ਤਰ੍ਹਾਂ ਹਨੇਰੇ ਵਿਚ ਹਨ। ਪਿਤਾ ਦੀ ਸ਼ਹੀਦੀ ਹੋਈ—ਇਹ ਹੁਕਮ ਸੀ। ਪਤਾ ਹੈ ਚਾਰੇ ਲਾਲ ਵਾਰੇ ਜਾਣਗੇ, ਪਰ ਫਿਰ ਭੀ ਸਚਖੰਡੀ ਮੌਜ ਵਿਚ ਕਹਿ ਰਹੇ ਸਨ—

ਮੈਂ ਹੋ ਪਰਮ ਪੁਰਖ ਕੋ ਦਾਸਾ।
ਦੇਖਨ ਆਯੋ ਜਗਤ ਤਮਾਸ਼ਾ।

ਪਤਾ ਹੈ ਤਮਾਸ਼ਾ ਤਮਾਸ਼ਾ ਹੀ ਹੁੰਦਾ ਹੈ। ਅਸਲ ਕੁਝ ਹੋਰ ਹੁੰਦਾ ਹੈ। ਅੰਦਰੋਂ ਹੁਕਮ ਹੋਇਆ ਤੇ ਲਿਖ ਦਿਤਾ

ਬਾਬੇ ਕੇ, ਬਾਬਰ ਕੇ ਦੋਊ।
ਆਪ ਕਰੇ ਪਰਮੇਸਰ ਸੋਊ।
ਦੀਨ ਸਾਹ ਇਨ ਕੋ ਪਹਿਚਾਨੋ।
ਦੁਨੀ ਪਤਿ ਉਨਕੋ ਅਨੁਮਾਨੋ।
(ਬਚਿਤ੍ਰ ਨਾਟਕ, ੧੩ਵਾਂ ਅਧਿਆਏ)

ਭਾਵ ਬਾਬੇ ਕੇ (ਗੁਰੂ ਨਾਨਕ ਦੇਵ ਜੀ ਦੇ ਉਤਰ ਅਧਿਕਾਰੀ) ਦੀਨ-ਧਰਮ ਦੇ ਵਡੇ ਸ਼ਾਹ ਹਨ,


www.AKJ.Org

ਸਚੇ-ਪਾਤਸ਼ਾਹ ਹਨ, ਪਰ ਬਾਬਰ-ਕੇ ਉਤਰ ਅਧਿਕਾਰੀ ਦੁਨੀਆ ਦੇ ਪਾਤਸ਼ਾਹ ਹਨ। ਇਸ ਜਗਤ-ਤਮਾਸ਼ੇ ਵਿਚ ਦੋਹਾਂ ਦਾ ਰਚਨਹਾਰ ਪ੍ਰਭੂ ਆਪ ਹੈ।

ਇਤਿਹਾਸਕਾਰ ਇਸ ਇਸ਼ਾਰੇ ਨੂੰ ਆਪਣੀ ਅਕਲ-ਮੁਤਾਬਕ ਗੁਰੂ ਜੀ ਵਲੋਂ ਆਪਣੀ ਜਾਨ ਬਚਾਉਣ ਲਈ ਲਭਿਆ ਸਹਿ-ਅਸਤਿਤਵ ਦਾ ਸਿਧਾਂਤ (Doctrine of co-existence) ਦਾ ਨਾਮ ਦੇ ਦਿੰਦੇ ਹਨ (ਏ. ਸੀ. ਬੈਨਰਜ਼ੀ)।

ਇਤਿਹਾਸ ਬਣਾਣ ਵਾਲੇ ਨੂਰੀ ਪ੍ਰੀਤਮ ਸਨ, ਪਰ ਇਤਿਹਾਸ ਦੀ ਪੜਚੋਲ ਬੇ-ਨੂਰੀ ਖ਼ਾਕੀ ਬੰਦੇ ਜਦੋਂ ਕਰਦੇ ਹਨ ਤਾਂ ਉਨ੍ਹਾਂ ਦੇ ਆਪਣੇ ਕਮਜ਼ੋਰ ਮਨ ਦੀ ਉਡਾਰੀ ਵਿਚ ਮਨੁਖੀ ਕਮਜ਼ੋਰੀ ਦੀ ਝਲਕ ਪੈਂਦੀ ਹੈ। ਇਹ ਸਹਿ-ਅਸਤਿਤਵ ਦਾ ਸਿਧਾਂਤ ਪਿਛੋਂ ਤੋਂ ਅਗੇ ਝਾਤ ਮਾਰਨ ਤੋਂ ਪਤਾ ਚਲਦਾ ਹੈ ਕਿ ਬਾਬੇ-ਕਿਆਂ ਅਤੇ ਬਾਬਰ-ਕਿਆਂ ਵਿਚਕਾਰ ਸਥਾਈ ਰੂਪ ਵਿਚ ਕੰਮ ਨਹੀਂ ਕਰਦਾ। ਬਾਬਰ-ਕੇ ਦੁਨੀਆ ਦੇ ਨਸ਼ੇ ਵਿਚ ਆ ਕੇ ਦੀਨ ਦੇ ਪਾਤਸ਼ਾਹਾਂ ਨੂੰ ਕਤਲ ਭੀ ਕਰ ਦਿੰਦੇ ਹਨ, ਦੁਸ਼ਮਨੀਆਂ ਭੀ ਪਾਲਦੇ ਹਨ। ਪਰ ਇਹ ਤਮਾਸ਼ਾ ਹੈ। ਤਮਾਸ਼ਾ ਤਮਾਸ਼ਾ ਹੀ ਹੁੰਦਾ ਹੈ, ਜੋ ਚੋਜੀ ਪ੍ਰੀਤਮ ਦੇਖਦੇ ਰਹੇ। ਆਪ ਭੀ ਉਸ ਡਰਾਮੇ ਵਿਚ ਮਹਾਨ ਹੀਰੋ ਦਾ ਰੋਲ ਅਦਾ ਕੀਤਾ। ਘਬਰਾਏ ਨਹੀਂ, ਡੋਲੇ ਨਹੀਂ, ਸਗੋਂ ਮਿਤਰ ਪਿਆਰੇ ਤੋਂ ਜੰਗ ਵਿਚ ਜੂਝ ਕੇ ਮਰਨ ਦੀ ਅਸੀਸ ਹੀ ਮੰਗਦੇ ਰਹੇ।

ਸੋ ਖ਼ਾਲਸਾ ਭੀ ਇਸ ਤਰ੍ਹਾਂ ਦੇ ਅਚਾਨਕ ਹੁਕਮ ਮਿਲਣ ਤੇ ਸਾਜਿਆ ਗਿਆ ਅਤੇ ਆਪ ਉਸ ਦੇ ਦਰਸ਼ਨ ਕਰ ਕੇ ਇਤਨੇ ਪ੍ਰਸੰਨ ਹੋਏ ਕਿ ਆਪ-ਮੁਹਾਰੇ ਸਰਬ ਲੋਹ ਗ੍ਰੰਥ ਵਿਚ ਖ਼ਾਲਸੇ ਦੀ ਉਪਮਾ ਲਿਖੀ —

"ਹੋ ਖ਼ਾਲਸੇ ਕੋ, ਖਾਲਸਾ ਮੇਰੋ ॥ ਓਤ ਪੋਤ ਸਾਗਰ ਬੂੰਦੇਰੋ ॥ ਖ਼ਾਲਸਾ ਮੇਰੋ ਸਤਿਗੁਰ ਪੂਰਾ ॥ ਖਾਲਸਾ ਮੇਰੋ ਸੱਜਨ ਸੂਰਾ ॥

ਦੇ ਸਹੀ ਅਰਥ ਸਾਨੂੰ ਉਦੋਂ ਹੀ ਸਮਝ ਆਏ ਜਦੋਂ ਆਪ ਖ਼ਾਲਸੇ ਨੂੰ ਅੰਮ੍ਰਿਤ ਛਕਾ ਕੇ ਉਨ੍ਹਾਂ ਸਾਮ੍ਹਣੇ ਹੱਥ ਪਸਾਰ ਕੇ ਅੰਮ੍ਰਿਤ ਦੀ ਦਾਤ ਆਪ ਭੀ ਲਈ। ਅਤੇ ਐਲਾਨ ਕੀਤਾ ਕਿ ਅਗੋਂ ਤੋਂ "ਪਾਂਚ ਸਿੰਘ ਅੰਮ੍ਰਿਤ ਜੋ ਦੇਵੈਂ, ਤਾਂ ਕੋ ਸਿਰ ਧਰ ਛਕ ਪੁਨ ਲੇਵੈ (ਰਹਿਤਨਾਮਾ ਭਾ:ਦੇਸਾ ਸਿੰਘ)। ਖ਼ਾਲਸਾ ਚਰਨ ਪਾਹੁਲ ਦੀ ਥਾਂ ਖੰਡੇ ਦਾ ਅੰਮ੍ਰਿਤ ਛਕਾਣ ਦਾ ਅਧਿਕਾਰੀ ਹੋਵੇਗਾ, ਪਰ ਗੁਰੂ ਨਹੀਂ ਸਦਾਏਗਾ। ਪੰਜਾਂ ਦੇ ਸਮੂਹ ਨੂੰ ਖ਼ਾਲਸਾ ਮੰਨਿਆ ਜਾਏਗਾ। ਇਸਤਰ੍ਹਾਂ ਪੰਜ-ਪਰਵਾਨ ਅਜਿਹਾ ਇਕੱਠ ਬਣਾ ਦਿਤਾ ਜਿਸ ਤੋਂ ਘਟ ਗਿਣਤੀ "ਗੁਰੂ" ਦਾ ਸਰੂਪ ਨਹੀਂ ਬਣਾ ਸਕਣਗੇ। ਜੇ "ਖਾਲਸਾ ਮੇਰੋ ਰੂਪ ਹੈ ਖਾਸ" ਤਾਂ ਉਸ 'ਖ਼ਾਸ ਰੂਪ' ਪੰਜਾਂ ਦੇ ਇਕੱਠ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ, ਸਤਿਗੁਰੂ ਜੀ ਦੀ ਸਭ ਤੋਂ ਵੱਡੀ ਦਾਤ (ਅੰਮ੍ਰਿਤ ਤੇ ਨਾਮ ਦਾਨ) ਦੀ ਬਖ਼ਸ਼ਸ਼ ਕਰਨ ਦਾ ਕੰਮ ਸੌਂਪ ਦਿਤਾ, ਕਿਉਂਕਿ ਸਤਿਗੁਰਾਂ ਜੀ ਦੇ ਸਮੇਂ ਭੀ ਥਾਂ ਥਾਂ ਗੁਰੂ ਬਣ ਕੇ ਬੈਠਣ ਦੀਆਂ ਮਨੁਖੀ ਰੁਚੀਆਂ ਕੰਮ ਕਰਦੀਆਂ ਆ ਰਹੀਆਂ ਸਨ, ਜੋ ਅਜ ਫਿਰ ਉਭਰ ਪਈਆਂ ਹਨ। ਪੰਜਾਂ ਦੇ ਸਮਾਗਮ ਤੋਂ ਬਾਅਦ ਪੰਜੇ ਸਿੰਘ ਫਿਰ ਖ਼ਾਲਸੇ ਵਿਚ ਰਲ ਗਏ! ਗੁਰੂ ਪਦਵੀ ਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਬਿਰਾਜਣਗੇ! ਸ਼ਬਦ-ਗੁਰੂ ਹੀ ਗੁਰੂ ਰਹੇਗਾ। ਅਜਿਹਾ ਵਿਧਾਨ ਕਣਾ ਕੇ ਖ਼ਾਲਸੇ ਨੂੰ ਸਦਾ ਲਈ ਗੁਰਮਰਾਹ ਹੋਣ (exploitation) ਤੋਂ ਬਚਾ ਲਿਆ।

ਸਤਿਗੁਰੂ ਜੀ ਦੇ ਸਾਮ੍ਹਣੇ "ਗੁਰ ਲਾਧੋਰੇ" ਦਾ ਸਾਕਾ ਅਜੇ ਤਾਜ਼ਾ ਹੀ ਸੀ। ਜੇ ਖ਼ਾਲਸਾ ਨਾ ਸਾਜਿਆ ਜਾਂਦਾ ਤਾਂ ਅਜ ਅਸੀਂ ਮਖਣ ਸ਼ਾਹ ਵਾਂਗ ਸਚੇ ਗੁਰੂ ਦੀ ਭਾਲ ਵਿਚ ਭਟਕਦੇ ਫਿਰਦੇ। ਇਸ ਤੋਂ ਇਲਾਵਾ ਮਸੰਦ ਆਪਣੇ ਆਪ ਵਿਚ ਇਕ ਭਾਰੀ ਪੰਥਕ ਖ਼ਤਰਾ ਬਣਦੇ ਜਾਂਦੇ ਸਨ। ਸ਼ਰਧਾਲੂ ਸਿਖਾਂ ਤੋਂ ਮਾਲ-ਮਤਾਹ ਇਕੱਠਾ ਕਰ ਕੇ ਉਸਦਾ ਬਹੁਤ ਸਾਰਾ ਹਿੱਸਾ ਆਪ ਰਖ ਲੈਂਦੇ ਸਨ। ਇਨ੍ਹਾਂ ਤੌਖਲਿਆਂ ਤੇ ਲੁਟ-ਖਸੁਟ ਤੋਂ ਭੀ ਖ਼ਾਲਸੇ ਨੂੰ ਮੁਕਤ ਕਰਨਾ ਸੀ।

ਸਭ ਤੋਂ ਵਡੀ ਗੱਲ ਜੋ ਸਾਹਿਬਾਂ ਦੇ ਸਾਮ੍ਹਣੇ ਸੀ, ਉਹ ਸੀ ਬਚਿਤ੍ਰ ਨਾਟਕ ਵਿਚ ਆਏ "ਅਕਾਲ ਪੁਰਖ ਬਾਚ ਇਸ ਕੀਟ ਪ੍ਰਤੀ"। ਜਿਸ ਵਿਚ ਅਕਾਲ ਪੁਰਖ ਜੀ ਨੇ ਸ੍ਰਿਸ਼ਟੀ-ਰਚਨਾ ਤੋਂ ਹੁਣ ਤਕ ਦੇ ਸਾਰੇ ਵਾਕਿਆਤ ਆਪ ਜੀ ਨੂੰ ਦਸੇ : ਕਿਸ ਤਰ੍ਹਾਂ ਇਸ ਰਚਨਾ ਦੇ ਮਾਇਆ-ਚਕਰ ਵਿਚ ਫਸ ਕੇ ਪ੍ਰਭੂ ਦੇ ਰਚੇ ਹੋਏ ਜੀਵ—ਦੈਂਤ, ਦੇਵਤੇ, ਬ੍ਰਹਮਾ, ਵਿਸ਼ਨੂੰ, ਮਹੇਸ਼, ਕਿਸ਼ਨ, ਰਾਮ, ਜਾਂ ਅਨੇਕਾਂ ਪੀਰ



www.AKJ.Org

ਪੈਗੰਬਰ, ਜਿਨ੍ਹਾਂ ਨੂੰ ਪ੍ਰਭੂ ਨੇ ਮਾਇਆ ਦੇ ਜਾਲ ਵਿਚ ਫਸਣ ਤੋਂ ਲੋਕਾਂ ਨੂੰ ਬਚਾਣ ਲਈ ਭੇਜਿਆ ਸੀ, ਉਹ ਪ੍ਰਭੂ ਪਿਤਾ ਨੂੰ ਭੁਲ ਕੇ ਆਪਣੀ ਪੂਜਾ ਸੇਵਾ ਕਰਵਾਣ ਲਗ ਪਏ।

'ਜੇ ਕੋਈ ਹੋਤ ਭਯੋ ਜਗਿ ਸਿਆਨਾ।
ਤਿਨ ਤਿਨ ਅਪਨੋ ਪੰਥ ਚਲਾਨਾ॥੧੪॥......
ਪਰਮੇਸਰ ਨ ਕਿਨਹੂੰ ਪਹਿਚਾਨਾ।
ਮਮ ਉਚਾਰਤੇ ਭਯੋ ਦਿਵਾਨਾ ॥੧੬॥
(ਬਚਿਤ੍ਰ ਨਾਟਕ, ਪਹਿਲਾ ਅਧਿਆਏ)

ਸ਼ਬਦ-ਗੁਰੂ ਨੂੰ ਗੁਰਗੱਦੀ ਮਿਲਣ ਤੋਂ ਬਾਅਦ ਭੀ ਖ਼ਤਰਾ ਹੋ ਸਕਦਾ ਸੀ ਕਿ ਕੋਈ "ਸਿਅਣਾ" ਮਨੁਖ ਆਪਣੀ ਸਿਆਣਪ ਨਾਲ ਆਪਣੇ ਮਗਰ ਸਮੁੱਚੇ ਪੰਥ ਨੂੰ ਤੋਰ ਲੈਂਦਾ। ਪਰ ਤਤ-ਖ਼ਾਲਸੇ ਦੀ ਸਿਰਜਨਾ ਨੇ ਚੰਜੀ ਪ੍ਰੀਤਮ ਦੇ ਜੋਤੀ ਜੋਤਿ ਸਮਾਣ ਤੋਂ ਜਾਂ ਸ਼ਬਦ-ਗੁਰੂ ਨੂੰ ਗੁਰੂ-ਗੱਦੀ ਮਿਲਣ ਤੋਂ ੧੦-੧੨ ਸਾਲਾਂ ਵਿਚ ਹੀ ਇਹ ਸਿਧ ਕਰ ਦਿਤਾ ਕਿ ਤੱਤ ਖ਼ਾਲਸਾ ਤੱਤ ( real ) ਹੈ ਜੋ ਬੰਦਈ-ਖ਼ਾਲਸੇ ਦੇ ਮਿਲ-ਗੋਭੇ ਨੂੰ ਪਰਵਾਨ ਨਹੀਂ ਕਰੇਗਾ। ਤਖ਼ਤ ਕੇਸ-ਗੜ੍ਹ ਤੇ ਸਾਜਿਆ ਖ਼ਾਲਸਾ ਅਕਾਲ ਤਖ਼ਤ ਤੇ ਆ ਗਜਿਆ। ਤਤ ਖ਼ਾਲਸੇ ਦੀਆਂ ਪਰਚੀਆਂ ਦਾ ਤਰ ਆਉਣਾ, ਇਹ ਭੀ ਅਕਾਲ ਪੁਰਖ ਦਾ ਹੁਕਮ ਸੀ।

ਵਿਚਲੀ ਗੱਲ ਇਹ ਜਾਪਦੀ ਹੈ ਕਿ ਹੁਣ ਅਕਾਲ ਜੀ ਭੀ ਚਾਹੁੰਦੇ ਸਨ ਕਿ ਜੋ ਭੀ ਰਹਿਨੁਮਾ ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਆਵੇ ਉਹ ਕਿਤੇ ਆਪਣੀ ਪੂਜਾ ਨਾ ਕਰਾਣ ਲਗ ਜਾਏ। ਵਾਹਿਗੁਰੂ ਜੋ ਜੋ ਇਸ ਸੰਸਾਰ ਦੀ ਅੰਤਮ ਸੱਚਾਈ ਹਨ, ਨੂੰ ਭੁਲ ਕੇ ਆਪਣੇ ਆਪ ਦੀ ਪੂਜਾ ਸੇਵਾ ਨਾ ਕਰਾਈ ਜਾਵੇ।

ਇਸ ਲਈ ਸਤਿਗੁਰ ਜੀ ਤੋਂ ਬਾਅਦ ਧੁਰ-ਕੀ-ਬਾਣੀ ਨੂੰ ਗੁਰੂ ਦਾ ਦਰਜਾ ਦਿਤਾ ਗਿਆ ਅਤੇ ਖ਼ਾਲਸੇ ਨੂੰ ਇਸ ਨਵੀਂ ਸਕੀਮ ਵਿਚ ਨਵਾਂ ਰੋਲ ਅਦਾ ਕਰਨ ਦਾ ਕੰਮ ਸੌਂਪਿਆ ਗਿਆ। ਸਤਿਗੁਰਾਂ ਦੀ ਆਤਮਕ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ਅਤੇ ਉਸ ਜੋਤਿ ਦੀ ਤਾਬੇ ਸਤਿਗੁਰਾਂ ਦਾ ਪੰਜ-ਭੂਤਕ ਸਰੂਪ ਖ਼ਾਲਸਾ ਹੈ। ਖ਼ਾਲਸੇ ਨੂੰ ਖ਼ਾਲਸਈ ਤੇਜ ਪ੍ਰਤਾਪ ਕਾਇਮ ਰਖਣ ਬਾਰੇ ਗੁਰੂ ਸਾਹਿਬ ਇਉਂ ਚਿਤਾਵਨੀ ਦਿੰਦੇ ਹਨ –

ਜਬ ਲਗ ਖਾਲਸਾ ਰਹੇ ਨਿਆਰਾ।
ਤਬ ਲਗ ਤੇਜ ਦੀਉ ਮੈਂ ਸਾਰਾ।
ਜਬ ਇਹ ਗਹੇ ਬਿਪਰਨ ਕੀ ਰੀਤ।
ਮੈ ਨ ਕਰਉ ਇਨ ਕੀ ਪਰਤੀਤ।

ਭਾਵ ਇਹ ਸੀ ਕਿ ਸਮੁਚੇ ਪੰਥ ਨੂੰ ਰਹਿਤ ਮਰਯਾਦਾ ਵਿਚ ਸਿੱਕੇ-ਬੰਦ ਕਰਕੇ ਇਕ-ਸਾਰਤਾ ਲੈ ਆਂਦੀ; ਜੋ ਇਸ ਤੋਂ ਪਹਿਲਾਂ ਕਦੀ ਦੇਖਣ ਵਿਚ ਨਹੀਂ ਸੀ ਆਈ। ਇਸ ਤੋਂ ਪਹਿਲਾਂ ਕੋਈ ਰਾਮ ਦਾਸ ਸੀ, ਕੋਈ ਕਰਮ ਚੰਦ ਸੀ, ਕੋਈ ਹੀਰਾ ਲਾਲ ਸੀ, ਪਰ ਹੁਣ ਹਰ ਇਕ ਦੇ ਨਾਮ ਨਾਲ ਸਿੰਘ ਲਗਾਇਆ ਗਿਆ। ਇਕੋ ਰਹਿਤ, ਇਕੋ ਇਸ਼ਟ, ਇਕੋ ਨਿਸ਼ਾਨਾ। ਸਮੂਚੀ ਕੌਮ ਹੁਣ ਇਕੋ ਹੀ ਜਥੇਬੰਦੀ ਵਿਚ ਜਥੇਬੰਦ ਕੀਤੀ ਗਈ।

ਇਕਾ ਬਾਣੀ, ਇਕੁ ਗੁਰੁ; ਇਕੋ ਸਬਦੁ ਵੀਚਾਰਿ ॥
(ਪੰਨਾ ੬੪੬)

'ਖ਼ਾਲਸਾ' ਖ਼ਾਲਸਾ ਹੀ ਹੈ, ਜੋ ਅਕਾਲ ਪੁਰਖ ਦਾ ਝੰਡਾ ਜੁਗੋ ਜੁਗ ਝੁਲਾਉਣ ਲਈ ਸਾਜਿਆ ਗਿਆ। 'ਗੁਰੂ' ਗੁਰੂ ਗ੍ਰੰਥ ਸਾਹਿਬ ਜੀ ਹੀ ਹਨ, ਪਰ ਜੋਤਿ ਦਾ ਝਲਕਾਰਾ ਖ਼ਾਲਸੇ ਦੇ ਦੀਦਾਰ ਵਿਚ ਵੀ ਹੁੰਦਾ ਹੈ।

**ਪਾਠਕਾਂ ਪ੍ਰਤੀ ਬੇਨਤੀ**—੧. ਤੁਹਾਡਾ ਚਿਟ ਨੰਬਰ ਹਰ ਮਹੀਨੇ ਐਡਰੈਸ ਦੇ ਨਾਲ ਅਸੀਂ ਲਿਖ ਕੇ ਭੇਜਦੇ ਹਾਂ, ਚਿੱਠੀ ਪੱਤਰ ਕਰਨ ਸਮੇਂ ਆਪਣਾ ਚਿਟ ਨੰਬਰ ਜ਼ਰੂਰ ਲਿਖੋ ਜੀ।
੨. ਚੰਦੇ ਦਾ ਮਨੀਆਰਡਰ ਭੇਜਣ ਸਮੇਂ ਹੇਠਲੇ ਕੂਪਨ ਤੇ ਆਪਣਾ ਚਿਟ ਨੰਬਰ ਤੇ ਪੂਰਾ ਐਡਰੈਸ ਲਿਖੋ।
੩. ਜਿਸ ਮਹੀਨੇ ਦਾ ਪਰਚਾ ਡਾਕ ਵਿਚ ਗੁੰਮ ਹੋ ਜਾਵੇ ਤੇ ਤੁਹਾਨੂੰ ਨਾ ਮਿਲੇ, ਉਸੇ ਮਹੀਨੇ ਦੀ ੧੫ ਤਰੀਕ ਤੋਂ ਪਹਿਲਾਂ ਕਾਰਡ ਲਿਖੋ, ਤਾਕਿ ਹੋਰ ਪਰਚਾ ਭੇਜ ਸਕੀਏ। ਬਾਅਦ ਵਿਚ ਪਰਚੇ ਖ਼ਤਮ ਹੋ ਜਾਂਦੇ ਹਨ।

**ਲੇਖਕ ਸਜਣ** ਗੁਰਬਾਣੀ ਦੀਆਂ ਤੁਕਾਂ ਸਦਾ ਸੋਧ ਕੇ ਭੇਜਣ ਦੀ ਕਿਰਪਾ ਕਰਨ।

ਦਾਸ—ਮੈਨੇਜਰ ਸੂਰਾ c/o ਸਿੰਘ ਬ੍ਰਦਰਜ਼, ਕੂਚਾ ਚਤਰ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ



www.AKJ.Org

# ਖ਼ਾਲਸੇ ਦੀ ਸਿਰਜਨਾ

[ ਵਲੋਂ—ਗਿਆਨੀ ਗੋਪਾਲ ਸਿੰਘ ਜੀ 'ਮਿੱਤਰ', ਮਾਲਬ (ਗੁੜਗਾਉਂ) ]

ਦੀਨਾਂ ਅਤੇ ਦੁਖੀਆਂ ਦੇ ਸਹਾਈ ਬਾਜਾਂ ਵਾਲੇ ਗੁਰੂ, ਅੱਜ ਦੇ ਦਿਹਾੜੇ ਇਕੱਲਿਆਂ ਦਾ ਇਨਕਲਾਬ ਸੀ।
ਸਮੇਂ ਤੇ ਸਮਾਜ ਦੇ ਧ੍ਰਿਕਾਰੇ ਤ੍ਰਿਸਕਾਰੇ ਜਦੋਂ, ਰੋਂਦੇ ਕੁਰਲਾਂਦਿਆਂ ਦੀ ਹਾਲਤ ਖ਼ਰਾਬ ਸੀ।
ਕਿਰਤੀਆਂ ਤੇ ਕਾਮਿਆਂ ਲਈ ਇਹੋ ਜਿਹੇ ਮਾਹੌਲ ਵਿਚ, ਸੁਖ ਨਾਲ ਜੀਵਨ ਬਿਤਾਣਾ ਇਕ ਖ਼੍ਵਾਬ ਸੀ।
ਭਿੱਟ, ਭਿੱਟ, ਛੂ ਛੂ, ਤੋਂ ਹੋਏ ਮਜਬੂਰ ਬੰਦੇ, ਸਮੇਂ ਦੀ ਉਡੀਕ ਵਿਚ ਹੋਏ ਬੇਤਾਬ ਸੀ।

ਕਰ ਕੇ ਪੜਚੋਲ ਸਤਗੁਰੂ ਦਸਮੇਸ਼ ਜੀ ਨੇ, ਸੁੱਤੀ ਹੋਈ ਕੌਮੀ ਅਣਖ-ਆਣ ਨੂੰ ਵੰਗਾਰਿਆ।
'ਪੁਰੀ ਆਨੰਦ' ਵਿਚ ਅਨੰਦ-ਦਾਤਾ ਸਤਿਗੁਰੂ ਨੇ, ਜਜ਼ਬੇ ਸਮਾਜ ਦੇ ਨੂੰ ਝੂਣਿਆ ਉਭਾਰਿਆ।
ਦੇਣ ਲਈ ਸੁਚੱਜੀ ਅਗਵਾਈ ਇਮਤਿਹਾਨ ਲਿਆ, ਪ੍ਰੀਖਿਆ ਚੋਂ ਪਾਸ ਕਰ ਪੰਜਾਂ ਨੂੰ ਨਿਤਾਰਿਆ।
ਬਾਰਾਂ-ਵੰਨੀ ਖ਼ਾਲਸ ਬਣਾ ਕੇ ਸੋਹਣੇ ਖ਼ਾਲਸੇ ਨੂੰ, ਜਗ ਸਾਹਵੇਂ ਸਾਬਤ ਸਰੂਪ ਖਲਿਹਾਰਿਆ।

ਖੰਡੇ ਧਾਰ ਪਾਹੁਲ ਬਖਸ਼ੀਸ਼ ਕਰ ਹਿਰਦਿਆਂ ਚੋਂ, ਸਦਾ ਲਈ ਮਾਨੋ ਮਾਰ ਕਢੀਆਂ ਬੁਰਿਆਈਆਂ।
ਜੀਣ ਲਈ ਜੀਵਨ ਅਨੰਦ-ਮਈ ਜੱਗ ਵਿਚ, ਦੀਰਘ ਵਿਚਾਰ ਭਰੀਆਂ ਰਹਿਤਾਂ ਸਮਝਾਈਆਂ।
ਜਬਰ ਅਤੇ ਜ਼ੁਲਮ ਦੇ ਵਿਰੁੱਧ ਖੜੇ ਹੋਣ ਲਈ, ਹਥਾਂ ਵਿਚ ਤੇਗਾਂ ਤਲਵਾਰਾਂ ਪਕੜਾਈਆਂ।
ਐਸੇ ਬਲੀ ਖ਼ਾਲਸੇ ਦੀ ਸਾਜਨਾ ਦੀ ਖ਼ੁਸ਼ੀ ਵਿਚ, ਮਿੱਤਰ ਸਾਰੇ ਪੰਥ ਤਾਈਂ ਲਖ ਲਖ ਵਧਾਈਆਂ।

★

# ਪੰਜ ਪਿਆਰੇ

ਪਰਚੇ ਪ੍ਰੀਖਿਆ ਦੇ ਵਿਚੋਂ ਪਾਸ ਹੋ ਕੇ, ਪੰਜ ਬਲੀ ਜਦ ਤੰਬੂਓਂ ਬਾਹਰ ਆਏ।
ਸੰਗਤਾਂ ਤਕਿਆ ਉਨ੍ਹਾਂ ਮਰਜੀਉੜਿਆਂ ਨੂੰ, ਪੰਜੇ ਸ਼ੇਰਾਂ ਦਾ ਰੂਪ ਸਨ ਧਾਰ ਆਏ।
ਸਾਬਤ ਸੂਰਤ ਤੇ ਸੀਸ ਦਸਤਾਰ ਦੋਹਰੀ, ਵਾਂਗ ਚੰਦ੍ਰਮੇ ਰੂਪ ਨਿਖਾਰ ਆਏ।
ਸੋਨੇ ਵਾਂਗ ਕੁਠਾਲੀਓਂ ਨਿਕਲ ਕੇ ਤੇ, ਬਣ ਕੇ ਸੂਰਮੇ ਸਿੰਘ ਸਰਦਾਰ ਆਏ।

ਬਲੀ ਦੇ ਕੇ ਸਿਰਾਂ ਦੀ ਬਣੇ ਪਿਆਰੇ, ਹੋਏ ਗੁਰੂ ਦੇ ਦਰ ਪਰਵਾਨ ਪੰਜੇ।
ਤ੍ਰੁੱਠੇ ਗੁਰੂ ਦਸਮੇਸ਼ ਨਿਹਾਲ ਕੀਤਾ, ਬਣੇ ਪੰਥ ਲਈ ਅਮਰ ਨਿਸ਼ਾਨ ਪੰਜੇ।

★

# ਮਨਮਤ ਤਿਆਗੋ ਤੇ ਗੁਰਮਤਿ ਅਪਣਾਓ

੧. ਵਿਆਹ ਸਮੇਂ ਜੈ-ਮਾਲਾ ਪਾਉਣੀ ਮਨਮਤ ਹੈ। ਗੁਰਸਿਖ ਅਜਿਹੇ ਵਿਆਹਾਂ ਵਿਚ ਸ਼ਾਮਲ ਨਾ ਹੋਣ।
੨. ਵਿਆਹਾਂ ਸਮੇਂ ਭੰਗੜੇ ਪਾਉਣੇ ਅਤੇ ਸ਼ਰਾਬ ਕਬਾਬ ਵਰਤਣੇ ਗੁਰਮਤਿ ਤੋਂ ਉਲਟ ਹੈ।
੩. ਸਰੀਰ ਦੇ ਸਾਰੇ ਰੋਮ ਕੇਸ ਹਨ ਅਤੇ ਕੇਸਾਂ ਨੂੰ ਕਟਣਾ ਜਾਂ ਲਾਹੁਣਾ ਪਤਿਤ ਕਰਮ ਹੈ।
੪. ਦਾੜ੍ਹੇ ਤੇ ਸੀਸ ਦੇ ਕੇਸ ਰੰਗਣੇ ਮਨਮਤ ਹੈ।
੫. ਪੂਰਨਮਾਸ਼ੀ ਆਦਿ ਕਿਸੇ ਤਰ੍ਹਾਂ ਦੇ ਵਰਤ ਰਖਣ ਦੀ ਗੁਰਮਤਿ ਆਗਿਆ ਨਹੀਂ ਦਿੰਦੀ।
੬. ਜੋਤਾਂ ਆਦਿ ਜਗਾ ਕੇ ਆਰਤੀ ਕਰਨੀ ਗੁਰ-ਹੁਕਮਾਂ ਦੀ ਉਲੰਘਣਾ ਕਰਨੀ ਹੈ।
੭. ਬੱਚਿਆਂ ਨੂੰ ਛੋਟੀ ਉਮਰੇ ਦਸਤਾਰ ਸਜਾਉਣ, ਰਹਿਤ ਰਖਣ ਅਤੇ ਗੁਰਬਾਣੀ ਪੜ੍ਹਾਉਣ ਦੀ ਆਦਤ ਪਾਓ।
੮. ਵਿਆਹ ਦੇ ਕਾਰਡਾਂ ਤੇ ਬੱਚਿਆਂ ਦੇ ਨਾਵਾਂ ਨਾਲ 'ਸਿੰਘ' ਤੇ 'ਕੌਰ' ਜ਼ਰੂਰ ਲਿਖੋ, ਨਹੀਂ ਤਾਂ ਇਹ ਮਨਮਤ ਹੈ।

www.AKJ.Org

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 'ਦਰਸ਼ਨ-ਦੀਦਾਰ'

[ ਵਲੋਂ—ਇਕ ਸਿਖੀ ਸਿਦਕ ਦਾ ਜਾਚਕ ]

ਕਲਜੁਗ ਦੇ ਤਾਰਨਹਾਰ, ਗੁਰੂ-ਗੱਦੀ ਉਤੇ ਬਿਰਾਜਮਾਨ, ਜ਼ਾਹਰਾ ਜ਼ਹੂਰ ਸਤਿਗੁਰੂ, ਸਰਬ ਕਲਾ ਭਰਪੂਰ, ਸਰਬ ਗੁਣਾਂ ਦੇ ਦਾਤੇ ਧੰਨੁ ਧੰਨੁ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਦੀ ਮਹਿਮਾ ਅਪਰ ਅਪਾਰ ਹੈ। ਐਸੇ ਮਹਾਨ 'ਸਤਿਗੁਰੂ' ਜੀ ਦੇ ਜਿਸ 'ਸਿਖ' ਨੇ ਵੀ ਦਰਸ਼ਨ ਕੀਤੇ ਹਨ ਉਸਦਾ ਜਨਮ ਸਫਲ ਹੋਇਆ ਹੈ, ਉਸ ਦੀ ਘਾਲ ਥਾਇਂ ਪਈ ਹੈ, ਉਸ ਨੇ ਜੀਵਨ-ਬਾਜ਼ੀ ਨੂੰ ਜਿਤ ਲਿਆ ਹੈ। ਐਸੇ ਗੁਰਸਿਖ ਦਾ ਹਲਤ ਪਲਤ ਸਤਿਗੁਰੂ ਆਪ ਸਵਾਰਦੇ ਹਨ।

ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ॥
ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥
(ਸੁਖਮਨੀ ਸਾਹਿਬ)

ਆਉ ! ਗੁਰੂ-ਉਪਦੇਸ਼ ਦੇ ਚਾਨਣੇ ਵਿਚ ਵੀਚਾਰ ਕਰੀਏ ਕਿ ਐਸੇ ਮਹਾਨ 'ਸਤਿਗੁਰੂ' ਦੇ 'ਦਰਸ਼ਨ' ਤੋਂ ਭਾਵ ਕੀ ਹੈ ? ਅਤੇ ਇਹ ਦਰਸ਼ਨ ਕਿਵੇਂ ਹੋ ਸਕਦੇ ਹਨ ? ਮਹਾਂ-ਵਾਕ ਹੈ :—

ਦਰਸਨ ਕਉ ਲੋਚੈ ਸਭੁ ਕੋਈ ॥
ਪੂਰੈ ਭਾਗਿ ਪਰਾਪਤਿ ਹੋਈ ॥ਰਹਾਉ॥
[ਸੂਹੀ ਮਹਲਾ ੫, ੭੪੪

ਇਹ ਦਰਸ਼ਨ ਵਡੇ ਭਾਗਾਂ ਨਾਲ ਨਸੀਬ ਹੁੰਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਅਕਾਲ ਪੁਰਖ' ਦੇ ਗੁਣਾਂ ਦਾ 'ਸਰੂਪ' ਹਨ। ਇਸ 'ਪਰਤਖਿ ਸਰੂਪ' ਵਿਚ 'ਅਕਾਲੀ ਜੋਤਿ' ਬਿਰਾਜਮਾਨ ਹੈ। ਇਸ 'ਅਕਾਲੀ ਜੋਤਿ' ਦੇ ਦਰਸ਼ਨ ਕਰ ਲੈਣਾ ਹੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਸਲੀ 'ਦਰਸ਼ਨ' ਹਨ।

ਸਤਿਗੁਰ ਵਿਚਿ ਆਪੁ ਰਖਿਓਨੁ, ਕਰਿ ਪਰਗਟੁ
ਆਖਿ ਸੁਣਾਇਆ ॥ [ਆਸਾ ਦੀ ਵਾਰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 'ਮੂਲ ਸਰੂਪ' ਤਾਂ "ਗੁਰੂ ਬਾਣੀ" ਹੈ। ਗੁਰੂ ਬਾਣੀ ਨਿਰੋਲ "ਆਤਮਕ ਆਵਾਜ਼" ਹੈ। ਇਹ ਧੁਰਾਂ ਤੋਂ ਆਈ ਹੈ।

ਧੁਰ ਕੀ ਬਾਣੀ ਆਈ ॥"

ਇਸ ਨਿਰੋਲ ਆਤਮਕ ਆਵਾਜ਼ ਨੂੰ ਪ੍ਰਗਟਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 'ਜ਼ਾਹਰਾ ਸਰੂਪ' ਜ਼ਰੂਰੀ ਹੈ। ਇਹ 'ਜ਼ਾਹਰਾ ਸਰੂਪ' 'ਅੰਦਰਲੇ' ਨੂੰ ਪ੍ਰਗਟ ਕਰਨ ਲਈ ਹੈ। ਅਸਲ ਵਸਤੂ ਗੁਰੂ ਸਾਹਿਬ ਦਾ ਅੰਦਰਲਾ 'ਆਪਾ' ਭਾਵ 'ਗੁਰੂ ਜੋਤਿ' ਹੈ।

ਗੁਰੂ ਸਾਹਿਬ ਜੀ ਦੇ ਇਸ ਅੰਦਰਲੇ 'ਆਪੇ' ਦੇ ਅਸੀਂ ਆਪਣੇ ਅੰਦਰਲੇ ਆਪੇ ਨਾਲ ਹੀ ਦਰਸ਼ਨ ਦੀਦਾਰ ਕਰ ਸਕਦੇ ਹਾਂ। ਜਿਵੇਂ ਹੁਕਮ ਹੈ :—

ਨਾਨਕ ਸੇ ਅਖੜੀਆ ਬਿਅੰਨਿ, ਜਿਨੀ ਡਿਸੰਦੋ
ਮਾ ਪਿਰੀ ॥੩॥ [ਮ: ੫, ਪੰਨਾ ੧੧੦੦

ਸਾਡਾ ਅਸਲ ਆਪਾ ਸਾਡਾ ਬਾਹਰਲਾ ਸਰੀਰ ਨਹੀਂ, ਸਗੋਂ ਸਾਡਾ 'ਅੰਦਰਲਾ' ਭਾਵ ਆਤਮਕ ਜੋਤਿ ਹੀ ਸਾਡਾ ਅਸਲ 'ਆਪਾ' ਹੈ।

ਸਾਡਾ ਪੰਜ ਭੂਤਕ ਸਰੀਰ ਗੁਰੂ ਮਹਾਰਾਜ ਦੇ ਸਰੀਰਕ ਦਰਸ਼ਨ ਤਾਂ ਕਰ ਸਕਦਾ ਹੈ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਬਿਰਾਜ ਰਹੇ ਇਲਾਹੀ ਨੂਰ ਦੇ ਦਰਸ਼ਨ ਦਿਬ ਦ੍ਰਿਸ਼ਟੇ ਲੋਇਣਾਂ ਦੁਆਰਾ ਹੀ ਹੋ ਸਕਦੇ ਹਨ। ਇਹ ਦਿਬ ਦ੍ਰਿਸ਼ਟੀ ਸਤਿਗੁਰਾਂ ਦੀ ਬਖ਼ਸ਼ਸ਼ ਨਾਲ ਹੀ ਪ੍ਰਾਪਤ ਹੁੰਦੀ ਹੈ।

ਗੁਰੂ ਮਹਾਰਾਜ ਦੀ ਇਸ ਬਖ਼ਸ਼ਸ਼ ਨੂੰ ਪ੍ਰਾਪਤ ਕਰਨ ਲਈ ਸਾਨੂੰ ਗੁਰੂ ਮਹਾਰਾਜ ਦੇ ਦਰ ਤੇ ਸ਼ਰਧਾ ਤੇ ਭਾਵਨਾ ਨਾਲ ਹਾਜ਼ਰ ਹੋਣਾ ਪਵੇਗਾ, ਗੁਰੂ ਮਹਾਰਾਜ ਦੇ ਲੜ ਲਗਣਾ ਪਵੇਗਾ, ਗੁਰੂ ਦੇ ਹੁਕਮ ਨੂੰ ਸਤਿ ਸਤਿ ਕਰ ਮੰਨਣਾ ਪਵੇਗਾ, ਗੁਰਬਾਣੀ ਰੂਪ 'ਗੁਰੂ' ਦੀ ਆਵਾਜ਼ ਨੂੰ ਸੁਨਣਾ ਪਵੇਗਾ ਤੇ ਉਸ ਨੂੰ ਮੰਨਣਾ ਹੋਵੇਗਾ।

'ਹੁਕਮ' ਮੰਨ ਕੇ ਵੀ ਹਉਮੈ ਨੂੰ ਤਿਆਗਣਾ ਪਵੇਗਾ ਤੇ ਜੋਦੜੀ ਤੇ ਮਿੰਨਤ ਹੀ ਕਰਨੀ ਹੋਵੇਗੀ।

ਜਦੋਂ ਗੁਰੂ ਪ੍ਰਸੰਨ ਹੋ ਜਾਣਗੇ ਤਾਂ ਆਪ 'ਬਖ਼ਸ਼ਸ਼' ਕਰ ਕੇ ਆਪਣੇ ਨਾਲ ਮੇਲ ਲੈਣਗੇ।

ਮਿਲਿਐ ਮਿਲਿਆ ਨਾ ਮਿਲੈ, ਮਿਲੈ ਮਿਲਿਆ ਜੇ
ਹੋਇ ॥ ਅੰਤਰ ਆਤਮੈ ਜੋ ਮਿਲੈ, ਮਿਲਿਆ
ਕਹੀਐ ਸੋਇ ॥੩॥

[ਵਾਰ ਸੂਹੀ ਮ: ੨, ਪੰਨਾ ੭੯੧



www.AKJ.Org

# ਧਰਮ ਯੁਧ ਮੋਰਚਾ ਕਿਵੇਂ ?

[ ਪ੍ਰਿੰ: ਗੁਰਦਿਆਲ ਸਿੰਘ ਜੀ, ਲੁਧਿਆਣਾ ]

ਸੰਸਾਰ ਭਰ ਦੇ ਸਿਖਾਂ ਨੇ ਆਪਣੇ ਕੇਂਦਰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਵੀਚਾਰਿਆ ਹੈ ਕਿ ਹਿੰਦ ਸਰਕਾਰ ਸਿਖ ਧਰਮ ਵਿਚ ਸਿਧਾ ਦਖ਼ਲ ਦੇ ਰਹੀ ਹੈ, ਇਸ ਬਾਰੇ ਫ਼ੈਸਲਾ ਕੀਤਾ ਹੈ ਕਿ ਧਰਮ ਯੁਧ ਮੋਰਚਾ ਅਰੰਭ ਕੀਤਾ ਜਾਵੇ ਜਿਸ ਲਈ ਪੂਰਾ ਅਧਿਕਾਰ ਸਰਦਾਰ ਗੁਰਚਰਨ ਸਿੰਘ ਜੀ ਟੌਹੜਾ ਐਮ. ਪੀ. ਪਰਧਾਨ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਦਿਤਾ ਗਿਆ ਹੈ। ਇਹ ਫ਼ੈਸਲਾ ਕਰਨਾ ਕਿ ਮੋਰਚੇ ਦੀ ਕੀ ਸ਼ਕਲ ਹੋਵੇ ਜਾਂ ਹੋਰ ਜੋ ਪਲੈਨਿੰਗ ਹੈ ਇਹ ਸਭ ਪਰਧਾਨ ਸਾਹਿਬ ਦੀ ਜ਼ਿੰਮੇਦਾਰੀ ਹੈ। ਸਰਕਾਰ ਵਲੋਂ ਗਿਆਨੀ ਜ਼ੈਲ ਸਿੰਘ ਜੀ ਇਸ ਦੇ ਮੁਕਾਬਲੇ ਲਈ ਇਸ ਧਰਮ ਯੁਧ ਮੋਰਚੇ ਨੂੰ ਫ਼ੇਲ੍ਹ ਕਰਨ ਲਈ ਐਲਾਨ ਕਰ ਚੁਕੇ ਹਨ, ਉਹ ਕਿਵੇਂ ਕਰਨਗੇ ਉਹ ਤਾਂ ਸਭ ਜਾਣਦੇ ਹੀ ਹਾਂ ਕਿ ਦੋ ਢੰਗ ਵਰਤਣਗੇ, ਸਿਖਾਂ ਵਿਚ ਫੁਟ ਪਾਉਣ ਦੇ ਯਤਨ ਕਰਨਗੇ ਅਤੇ ਪੁਲੀਸ ਦੀ ਲਾਠੀ ਗੋਲੀ ਵਰਤਣਗੇ ਅਤੇ ਜੇ ਇਹ ਕਾਫ਼ੀ ਨਾ ਹੋਈ ਤਾਂ ਫ਼ੌਜ ਵਰਤਣਗੇ। ਤੀਜਾ ਢੰਗ ਕਾਂਗਰਸ ਜਾਣਦੀ ਹੀ ਨਹੀਂ ਕਿਉਂਕਿ ਅਕਲ ਵਰਤਣ ਲਈ ਤਾਂ ਕਾਂਗਰਸ ਤਿਆਰ ਹੀ ਨਹੀਂ। ਫਿਰ ਉਸ ਉਪਰ ਹਕੂਮਤ, ਸ਼ਰਾਬ ਅਤੇ ਖ਼ੁਸ਼ਾਮਦੀਆਂ ਦੀ ਧਾੜ ਦੇ ਨਸ਼ਿਆਂ ਕਾਰਨ ਬੁਧੀ ਵਿਚਾਰੀ ਲਈ ਥਾਂ ਭੀ ਰਹਿੰਦੀ ਹੀ ਨਹੀਂ। ਇਸ ਮੋਰਚੇ ਨੂੰ ਸਫ਼ਲ ਕਰਨਾ ਸਿਆਣੇ ਪੁਰਸ਼ ਲਈ ਤਾਂ ਖਬੇ ਹੱਥ ਦਾ ਖੇਲ ਹੈ ਪਰ ਕਾਂਗਰਸ, ਖ਼ਾਸ ਕਰ ਹੁਣ ਦੀ ਹਕੂਮਤ ਜੋ ਸਿਵਾਏ ਇੰਦਰਾ ਗਾਂਧੀ ਜੀ ਦਾ ਪੱਕਾ ਫ਼ਿਰਕੂ, ਧਨ ਜੋੜੂ ਟੋਲਾ ਹੀ ਹੈ, ਇਸ ਲਈ ਬੜੀ ਸਬਕ-ਅਮੋਜ਼ ਹਾਰ ਖਾਏਗੀ।

ਸਿਖਾਂ ਲਈ ਵੀ ਮੋਰਚਾ ਜਿਤਣਾ ਖੇਲ ਨਹੀਂ ਹੈ। ਇਹ ਠੀਕ ਹੈ ਕਿ ਸਿਖ ਕੁਰਬਾਨੀ ਦੇ ਮੈਦਾਨ ਵਿਚ ਸਭ ਤੋਂ ਅਗੇ ਨਿਤਰਨਗੇ। ਪੁਲੀਸ ਜਾਂ ਫੌਜ ਜਾਂ ਫੁਟ ਦੇ ਯਤਨ ਧਰਮ ਨੂੰ ਦਬਾ ਨਹੀਂ ਸਕਣਗੇ। ਇਹ ਤਾਂ ਖ਼ਾਲਸਈ ਇਤਿਹਾਸ ਦਸਦਾ ਹੈ ਜੋ ਹੁਣ ਦੁਨੀਆਂ ਦੇ ਸਾਹਮਣੇ ਦੁਹਰਾਏ ਜਾਣ ਦੀ ਸੰਭਾਵਨਾ ਪਰਤੀਤ ਹੁੰਦੀ ਹੈ। ਪਰ ਸਫ਼ਲਤਾ ਲਈ ਵੀ ਏਕਤਾ, ਦ੍ਰਿੜ੍ਹਤਾ, ਧੀਰਜ ਤੇ ਦੂਰ-ਅੰਦੇਸ਼ੀ ਦੀ ਲੋੜ ਹੈ, ਸਾਡਾ ਇਤਿਹਾਸ ਇਹ ਵੀ ਹੈ ਕਿ—

ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,
ਫ਼ੌਜਾਂ ਜਿਤ ਕੇ ਅੰਤ ਨੂੰ ਹਾਰੀਆਂ ਜੀ।

ਇਹ ਇਤਿਹਾਸ ਵੀ ਦੁਹਰਾਇਆ ਜਾ ਸਕਦਾ ਹੈ, ਕਿਉਂਕਿ ਪਹਾੜਾ ਸਿੰਘ ਆਦਿਕ ਤਾਂ ਹੁਣ ਵੀ ਹਨ, ਧਿਆਨ ਸਿੰਘ ਆਦਿਕ ਵੀ ਮੌਜੂਦ ਹਨ। ਇਸ ਦੇ ਨਾਲ ਨਾਲ ਸੰਤ ਭਾਈ ਬੀਰ ਸਿੰਘ ਜੀ ਨੌਰੰਗਾਬਾਦੀ, ਬੇਦੀ ਸਾਹਿਬ ਸਿੰਘ ਜੀ ਊਨਾ ਸਾਹਿਬ ਵਾਲੇ ਵੀ ਮੌਜੂਦ ਹਨ। ਹੁਣ ਨਗਾਰੇ ਤੇ ਚੋਟ ਵਜ ਚੁਕੀ ਹੈ, ਦੇਖੋ ਕੀ ਹੁੰਦਾ ਹੈ। ਸੰਤ ਤੋਪਾਂ ਨਾਲ ਤਾਂ ਉਡਣਗੇ ਹਸ ਕੇ, ਪਰ ਧਰਮ ਨਹੀਂ ਛਡਣਗੇ ਕਿਸੇ ਵੀ ਤਸੀਹੇ ਕਾਰਨ। ਤਾਂ ਤੇ ਪ੍ਰਸ਼ਨ ਉਠਦਾ ਹੈ ਕਿ ਧਰਮ ਯੁਧ ਮੋਰਚਾ ਕਿਵੇਂ ? ਚੂੰਕਿ ਇਹ ਮਸਲਾ ਕੇਵਲ ਪਰਧਾਨ ਸਾਹਿਬ ਨਾਲ ਹੀ ਸਬੰਧ ਨਹੀਂ ਰਖਦਾ. ਇਸ ਦਾ ਸਬੰਧ ਹਰ ਇਕ ਉਸ ਵਿਅਕਤੀ ਨਾਲ ਹੈ ਜਿਸ ਦਾ ਧਰਮ ਨਾਲ ਸਬੰਧ ਹੈ। ਮੋਰਚੇ ਦੀ ਸਫ਼ਲਤਾ ਲਈ ਸਰੀਰਾਂ ਦੀ ਲੋੜ ਹੈ, ਭਾਵ ਸਿਰਾਂ ਦੀ ਲੋੜ ਹੈ, ਅਗਵਾਈ ਦੀ ਲੋੜ ਹੈ, ਸਭ ਤੋਂ ਵਧ ਲੋੜ ਪਲੈਨਿੰਗ ਦੀ ਹੈ।

ਬੁਧਵਾਨ ਬਲਵਾਨ ਹੈ ਬਿਨ ਬੁਧੀ ਬਲ ਨਾਂਹਿ।
ਚਰਨ ਸੋਚ ਕੇ ਰਖਦੇ ਨਹੀਂ ਡਿਗਦੇ
ਬਿਨਾਂ ਸੋਝੀਓਂ ਗਰਕ ਮੰਝਧਾਰ ਹੁੰਦੇ।

ਸਿਰ ਅਤੇ ਧਨ ਤਾਂ ਬਹੁਤ ਮਿਲ ਜਾਣਗੇ, ਚੌਧਰ ਦੇ ਭੁਖੇ ਕਸਵਟੀ ਤੇ ਫੇਲ੍ਹ ਹੋ ਜਾਣਗੇ। ਕਈ ਤਾਂ ਹੁਣੇ ਹੀ ਬਹਾਨੇ ਢੂੰਡਣ ਲਗ ਜਾਣਗੇ। ਕਾਂਗਰਸੀ ਸਿਖ ਤਾਂ ਕੁਰਬਾਨੀ ਕਰਨ ਦੀ ਥਾਂ ਮੁਕਾਬਲਾ ਹੀ ਕਰਨ ਤੇ ਤੁਲ ਪਏ ਹਨ, ਧਮਕੀਆਂ ਵੀ ਦੇ ਰਹੇ ਹਨ ਇਸ ਸੰਤ ਸਿਪਾਹੀ ਕੌਮ ਨੂੰ, ਐਹੋ ਜਿਹੇ ਮਹਾਨ ਸਿਖ ਵੀ ਸੁਖ ਨਾਲ ਮੌਜੂਦ ਹਨ। ਦੂਰ ਅੰਦੇਸ਼ੀ ਤਾਂ ਇਹ ਹੈ ਕਿ ਦੇਵੀ ਇੰਦਰਾ ਜੀ ਨੂੰ ਅਸਲੀਅਤ ਦਸੀ ਜਾਵੇ, ਪਰ ਇਹ ਸਭ ਵਜ਼ੀਰ ਉਸ ਤੋਂ ਡਰਦੇ ਉਸ ਅਗੇ ਕਦੇ ਸਚ ਬੋਲਣ ਦੀ ਹਿੰਮਤ ਨਹੀਂ ਕਰ

[ਬਾਕੀ ਸਫ਼ਾ ੧੬ ਦੇ ਹੇਠ]



www.AKJ.Org

# ਸੰਤ ਬਾਬਾ ਵਸਾਖਾ ਸਿੰਘ ਜੀ

[ ਵਲੋਂ — ਗਿਆਨੀ ਸੇਵਾ ਸਿੰਘ ਜੀ ਸੇਵਕ, ਤਰਨ ਤਾਰਨ ]

ਪਰਮਪੂਜ, ਸੰਤ ਬਾਬਾ ਵਸਾਖਾ ਸਿੰਘ ਜੀ ਉਹਨਾਂ ਮਹਾਨ ਹਸਤੀਆਂ ਵਿਚੋਂ ਹੋਏ ਹਨ ਜਿਨ੍ਹਾਂ ਨੇ ਇਕ ਪਾਸੇ ਪਰਮੇਸ਼ਰ ਭਗਤੀ ਤੇ ਗੁਰੂ-ਭਗਤੀ ਦੀਆਂ ਸਿਖਰਾਂ ਨੂੰ ਛਹਿਆ ਹੈ ਤੇ ਦੂਜੇ ਪਾਸੇ ਆਪਣਾ ਸਾਰਾ ਜੀਵਨ, ਭਾਰਤ ਨੂੰ ਸੁਤੰਤਰ ਕਰਾਉਣ ਤੇ ਦੁਖੀਆਂ ਦੇ ਦੁਖ ਹਰਨ ਵਿਚ ਸਮਰਪਨ ਕਰ ਕੇ ਆਉਣ ਵਾਲੀਆਂ ਨਸਲਾਂ ਲਈ ਮਹਾਨ ਆਦਰਸ਼ ਕਾਇਮ ਕੀਤਾ ਹੈ। ਬਾਬਾ ਜੀ ਵੀਹਵੀਂ ਸਦੀ ਦੇ ਇਕ ਮਹਾਨ ਉੱਚ ਅਧਿਆਤਮਕ ਪੁਰਸ਼, ਤੱਤ ਵੇਤਾ, ਨਾਮ ਬਾਣੀ ਦੇ ਰਸੀਏ, ਪਰਉਪਕਾਰ ਸਰੂਪ, ਪੂਰਣ ਧਰਮੱਗ, ਲਾਸਾਨੀ ਦੇਸ਼-ਭਗਤ ਤੇ ਸਰਬੱਤ ਦਾ ਭਲਾ ਕਰਨ ਵਾਲੇ ਮਹਾਂ ਪੁਰਖ ਹੋਏ ਹਨ। ਆਪ ਇਕ ਅਜਿਹੇ ਪਾਰਸ ਦੀ ਨਿਆਈਂ ਸਨ ਜਿਨ੍ਹਾਂ ਨਾਲ ਛੁਹ ਕੇ ਹਜ਼ਾਰਾਂ ਪ੍ਰਾਣੀ ਭੰਗਾਰ ਤੋਂ ਬਾਰਾਂ ਵੰਨੀ ਸੋਨਾ ਬਣ ਗਏ, ਭਾਵ ਕਿ ਬੱਜਰ ਕੁਕਰਮਾਂ ਦਾ ਤਿਆਗ ਕਰ ਕੇ ਨੇਕ ਤੇ ਪਵਿੱਤਰ ਜੀਵਨ ਵਾਲੇ ਬਣ ਗਏ।

ਬਾਬਾ ਵਸਾਖਾ ਸਿੰਘ ਜੀ ਦਾ ਜਨਮ ੧ ਵਸਾਖ ਸੰਮਤ ੧੯੩੪ ਬਿਕ੍ਰਮੀ ਨੂੰ ਬਾਬਾ ਦਿਆਲ ਸਿੰਘ ਜੀ ਦੇ ਘਰ ਸ੍ਰੀ ਮਾਤਾ ਇੰਦ ਕੌਰ ਜੀ ਦੀ ਕੁਖ ਤੋਂ ਪਿੰਡ ਦਦੇਹਰ ਥਾਣਾ ਸਰਹਾਲੀ ਜ਼ਿਲਾ ਅੰਮ੍ਰਿਤਸਰ ਵਿਚ ਹੋਇਆ। ਛੇ ਸਾਲ ਦੀ ਉਮਰ ਵਿਚ ਆਪ ਨੇ ਪਿੰਡ ਦੇ ਗਰੰਥੀ ਸਿੰਘ ਪਾਸੋਂ ਪੰਜ ਗਰੰਥੀ ਤੇ ਦਸ ਗਰੰਥੀ ਆਦਿ ਪੁਸਤਕ ਪੜ੍ਹ ਲਏ ਤੇ ਨਿਤਨੇਮ ਦੀਆਂ ਬਾਣੀਆਂ ਕੰਠ ਕਰ ਲਈਆਂ। ਬਾਰ੍ਹਾਂ ਸਾਲ ਦੀ ਉਮਰ ਵਿਚ ਆਪ ਨੇ ਸ੍ਰੀ ਕਲਗੀਧਰ ਜੀ ਦਾ ਖੰਡੇ ਦਾ ਅੰਮ੍ਰਿਤ ਛੱਕਿਆ ਅਤੇ ਆਪਣੇ ਤਾਇਆ ਜੀ ਬਾਬਾ ਖੁਸ਼ਹਾਲ ਸਿੰਘ ਰਾਹੀਂ 'ਵਾਹਿਗੁਰੂ' ਨਾਮ ਸਿਮਰਨ ਦੀ ਜੁਗਤੀ ਪਰਾਪਤ ਕੀਤੀ। ਥੋੜੇ ਚਿਰ ਵਿਚ ਨਾਮ ਸਿਮਰਨ ਦੇ ਆਸਰੇ ਆਪ ਨੇ 'ਤ੍ਰਿਕੁਟੀ ਛੂਟੇ ਦਸਵਾਂ ਦਰ ਖੂਲੇ' ਅਨੁਸਾਰ ਇਹ ਨਾਕਾ ਤੋੜ ਦਿਤਾ। ਨਾਮ ਸਿਮਰਨ ਤੇ ਸੰਗਤ ਦੇ ਜੋੜੇ ਝਾੜਨ ਦੀ ਸੇਵਾ ਦਾ ਸਦਕਾ ਆਪ ਵਿਚ ਅਤਿ ਦੀ ਗੰਭੀਰਤਾ, ਦ੍ਰਿੜ੍ਹਤਾ, ਨਿਮਰਤਾ ਤੇ ਪਰਉਪਕਾਰ ਆਦਿ ਗੁਣ ਪਰਪੱਕ ਹੋ ਗਏ।

ਸੰਮਤ ੧੯੫੩ ਬਿਕ੍ਰਮੀ ਵਿਚ ਆਪ ਰਸਾਲਾ ਨੰਬਰ ੧੧ ਵਿਚ ਭਰਤੀ ਹੋ ਗਏ। ਉਥੇ ਵੀ ਆਪ ਨੇ ਸਤਸੰਗ ਤੇ ਨਾਮ ਬਾਣੀ ਦਾ ਪਰਵਾਹ ਚਲਾ ਦਿਤਾ। ਇਥੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਅਖੰਡ ਪਾਠ ਆਪ ਨੇ ਇਕ ਚੋਕੜੇ ਵਿਚ ਸੁਣਿਆ। ਨੌਕਰੀ ਤੋਂ ਘ੍ਰਿਣਾ ਹੋਣ ਕਰਕੇ ਛੇ ਸਾਲ ਪਿਛੋਂ ਆਪ ਘਰ ਆ ਗਏ। ਕੁਝ ਸਮੇਂ ਪਿਛੋਂ ਆਪ ਹੰਕਾਊ (ਚੀਨ) ਪੁਜ ਕੇ ਪੁਲਸ ਵਿਚ ਭਰਤੀ ਹੋ ਗਏ। ਇਥੇ ਵੀ ਝੂਠ ਦਾ ਬੋਲਬਾਲਾ ਵੇਖ ਕੇ ਆਪ ਨੌਕਰੀ ਛੱਡ ਕੇ ਅਮਰੀਕਾ ਦੇ ਸ਼ਹਿਰ ਸਾਨਫ਼ਰਾਂਸਿਸਕੋ ਪੁਜ ਗਏ। ਉਥੇ ਆਪਣੀ ਕਿਰਤ ਕਰਦਿਆਂ ਹੋਇਆਂ 'ਗੁਰੂ ਨਾਨਕ ਐਜੂਕੇਸ਼ਨਲ ਸੁਸਾਇਟੀ' ਕਾਇਮ ਕੀਤੀ ਜਿਸ ਰਾਹੀਂ ਗ਼ਰੀਬ ਭਾਰਤੀ ਵਿਦਿਆਰਥੀਆਂ ਨੂੰ ਵਜ਼ੀਫ਼ੇ ਦੇ ਕੇ ਉੱਚ ਵਿਦਿਆ ਦਿਵਾਈ।

ਅਮਰੀਕਾ ਦੀ ਰਹਿਣੀ ਬਹਿਣੀ ਤੇ ਭਾਰਤ ਦੀ ਗ਼ਰੀਬੀ ਦਾ ਫ਼ਰਕ ਆਪ ਨੂੰ ਰਾਤ ਦਿਨ ਸੋਚ ਵਿਚਾਰ ਵਿਚ ਪਾ ਰਿਹਾ ਸੀ। ਇਥੇ ਭਾਰਤੀਆਂ ਨੂੰ ਜਥੇਬੰਦ ਕਰ ਕੇ ਹਿੰਦੁਸਤਾਨ ਦੀ ਗੁਲਾਮੀ ਦੀ ਜ਼ੰਜੀਰ ਕਟਣ ਲਈ ਆਪ ਚਿੰਤਾਤੁਰ ਰਹਿੰਦੇ, ਜਿਸ ਦਾ ਫਲ ਸਰੂਪ ੧੯੧੦ ਈਸਵੀ ਵਿਚ ਆਪ ਨੇ ਆਪਣੀ ਸਾਰੀ ਕਮਾਈ ਸਟਾਕਟਨ ਸ਼ਹਿਰ ਵਿਚ ਗੁਰਦੁਆਰਾ ਕਾਇਮ ਕਰਨ ਲਈ ਅਰਪਨ ਕਰ ਦਿਤੀ। ਗ਼ਦਰ ਪਾਰਟੀ ਦੀ ਨੀਂਹ ਆਪ ਦੇ ਉੱਦਮ ਨਾਲ ਰਖੀ ਗਈ ਤੇ ਕਈ ਭਾਰਤੀ ਭਾਸ਼ਾਵਾਂ ਵਿਚ ਗ਼ਦਰ ਅਖ਼ਬਾਰ ਜਾਰੀ ਕੀਤਾ ਗਿਆ।

੧੯੧੪ ਵਿਚ ਗ਼ਦਰ ਪਾਰਟੀ ਦੇ ਮੈਂਬਰਾਂ ਨੇ ਹਿੰਦੁਸਤਾਨ ਪੁਜ ਕੇ ਅੰਗਰੇਜ਼ਾਂ ਨੂੰ ਦੇਸ਼ ਵਿਚੋਂ ਕੱਢਣ ਦਾ ਉਪਰਾਲਾ ਕੀਤਾ। ਇਹ ਲਹਿਰ ਸਫ਼ਲ ਨਾ ਹੋਈ ਅਤੇ ਆਪ ਆਪਣੇ ਸਾਥੀਆਂ ਸਮੇਤ ਗਰਿਫ਼ਤਾਰ ਕੀਤੇ ਗਏ। ਆਪ ਨੂੰ ਉਮਰ ਕੈਦ ਦੀ ਸਜ਼ਾ ਹੋਈ ਅਤੇ ਕਾਲੇ ਪਾਣੀ ਦੇ ਕਸ਼ਟਾਂ ਤੇ ਤਸੀਹਿਆਂ ਦੇ ਕਾਰਨ ਆਪ ਦੀ ਸਿਹਤ ਖ਼ਰਾਬ ਹੋ ਗਈ। ਆਪ ੧੯੨੦ ਵਿਚ ਰਿਹਾ ਕੀਤੇ ਗਏ ਤੇ ਆਪਣੇ ਪਿੰਡ ਦਦੇਹਰ ਵਿਚ ਨਜ਼ਰਬੰਦ ਕੀਤੇ ਗਏ। ਨਜ਼ਰਬੰਦੀ ਖ਼ਤਮ ਹੋਣ ਤੋਂ ਆਪ ਨੇ ਜੇਲ੍ਹਾਂ ਵਿਚ ਕਸ਼ਟ ਝੱਲ ਰਹੇ ਦੇਸ਼-ਭਗਤਾਂ ਦੇ ਪਰਵਾਰਾਂ ਦੀ ਸਹਾਇਤਾ ਕਰਨ ਲਈ 'ਦੇਸ਼ ਭਗਤ ਪਰਵਾਰ ਸਹਾਇਕ ਕਮੇਟੀ'



www.AKJ.Org

ਕਾਇਮ ਕਰ ਕੇ ਤੇ ਉਨ੍ਹਾਂ ਵਿਚ ਲੱਖਾਂ ਰੁਪਏ ਵੰਡ ਕੇ ਉਹਨਾਂ ਦੀ ਸਹਾਇਤਾ ਕੀਤੀ ।

ਅਮਰੀਕਾ ਨਿਵਾਸੀ ਸਿਖਾਂ ਨੇ ੧੯੨੧ ਵਿਚ ਆਪਨੂੰ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਨਾਮਜ਼ਦ ਕੀਤਾ । ਪਿਛੋਂ ਆਪ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਔਨਰੇਰੀ ਜਥੇਦਾਰ ਨਿਯੁਕਤ ਕੀਤਾ ਗਿਆ ਪਰ ਉਥੇ ਹੋ ਰਹੀ ਬੇ-ਅਸੂਲੀ ਨੂੰ ਨਾ ਸਹਾਰਦਿਆਂ ਹੋਇਆਂ ਆਪ ਨੇ ਅਸਤੀਫ਼ਾ ਦੇ ਦਿਤਾ।

ਇਸ ਤੋਂ ਪਿਛੋਂ ਵੀ ਨਜ਼ਰਬੰਦੀਆਂ ਤੇ ਜੇਲ੍ਹੀ ਜੀਵਨ ਨੇ ਆਪ ਦਾ ਸਾਥ ਕਾਇਮ ਰਖਿਆ। ਪੰਥ ਵਿਚ ਹੁਣ ਆਪ ਇਕ ਅਤਿ ਮਾਨਨੀਯ ਗੁਰਮੁਖ ਹਸਤੀ ਮੰਨੇ ਜਾਣ ਕਰ ਕੇ ੧੯੩੫ ਵਿਚ ਸ਼ਰੋਮਣੀ ਕਮੇਟੀ ਦੀ ਹੋਣ ਵਾਲੀ ਚੋਣ ਵਿਚ ਆਪ ਨੂੰ ਮੈਂਬਰ ਨਾਮਜ਼ਦ ਕਰਨ ਲਈ ਪੰਥ ਵਲੋਂ ਸਾਲਸ ਮੰਨਿਆ ਗਿਆ । ਤਰਨ ਤਾਰਨ ਸਰੋਵਰ ਦੀ ਕਾਰ-ਸੇਵਾ, ਗੁਰਦੁਆਰਾ ਪੰਜਾ ਸਾਹਿਬ, ਗੁਰਦੁਆਰਾ ਛਿਹਰਟਾ ਸਾਹਿਬ, ਗੁਰਦੁਆਰਾ ਬਾਉਲੀ ਸਾਹਿਬ ਸਰਹਾਲੀ ਆਦਿ ਕਈ ਗੁਰ-ਅਸਥਾਨਾਂ ਦੀ ਅਰੰਭਕ ਰਸਮ ਕਰਨ ਵਾਲੇ ਪੰਜਾਂ ਪਿਆਰਿਆਂ ਵਿਚ ਆਪ ਸ਼ਾਮਲ ਹੋਏ ।

ਦੇਸ਼ ਸੇਵਾ ਕਰਨ ਕਰਕੇ ਆਪ ਨੂੰ ੧੯੪੦ ਤੋਂ ੧੯੪੨ ਤੱਕ ਫੇਰ ਜੇਲ੍ਹ ਯਾਤਰਾ ਕਰਨੀ ਪਈ । ਮੁਲਤਾਨ ਜੇਲ੍ਹ ਵਿਚ ਆਪ ਨੂੰ ਜ਼ਹਿਰੀਲੀਆਂ ਦਵਾਈਆਂ ਦਿਤੀਆਂ ਗਈਆਂ, ਜਿਸ ਕਾਰਨ ਆਪ ਦੀ ਸਿਹਤ ਵਧੇਰੇ ਖਰਾਬ ਹੋ ਗਈ। ੧੪ ਜੁਲਾਈ ੧੯੪੨ ਨੂੰ ਆਪ ਨੂੰ ਲਗ ਪਗ ਸੁਆਸ ਹੀਨ ਹਾਲਤ ਵਿਚ ਧਰਮਸਾਲਾ ਜੇਲ੍ਹ ਤੋਂ ਬਾਹਰ ਲੰਮੇ ਪਾ ਦਿਤਾ ਗਿਆ।

ਜੇਲ੍ਹੀ ਜੀਵਨ ਤੇ ਬੀਮਾਰੀ ਕਾਰਨ ਆਪ ਦੇ ਫੇਫੜੇ ਖ਼ਰਾਬ ਹੋ ਚੁਕੇ ਸਨ, ਪਰ ਆਪ ਨੇ ਦੇਸ਼-ਸੇਵਾ ਤੇ ਦੇਸ਼-ਭਗਤਾਂ ਦੇ ਪਰਵਾਰਾਂ ਦੀ ਸੇਵਾ ਅੰਤ ਪਰਯੰਤ ਉੱਚੀ ਸੁਚੀ ਲਗਨ ਨਾਲ ਨਿਬਾਹੀ। ਅਤਿ ਕਮਜ਼ੋਰੀ ਦੇ ਸਮੇਂ ਵੀ ਆਪ ਲਗਾਤਾਰ ਕਈ ਘੰਟੇ ਨਾਮ ਸਿਮਰਨ ਵਿਚ ਸਮਾਧੀ ਸਥਿਤ ਰਹਿੰਦੇ ਤੇ ਆਪ ਦੇ ਚਿਹਰੇ ਦਾ ਜਲਾਲ ਅਝੱਲ ਦਿਸ ਆਉਂਦਾ। ਇਉਂ ਸਾਰੀ ਉਮਰ ਉੱਚ ਅਧਿਆਤਮਕ ਅਵਸਥਾ, ਰੱਬੀ ਸਿਮਰਨ ਤੇ ਦੇਸ਼-ਸੇਵਾ ਦੀ ਅਥੱਕ ਘਾਲਣਾ ਵਿਚ ਗੁਜ਼ਾਰ ਕੇ ਆਪ ੫ ਦਸੰਬਰ ੧੯੫੭ ਨੰ ਇਸ ਅਸਾਰ ਸੰਸਾਰ ਤੋਂ ਸਚਖੰਡ ਨੂੰ ਚਾਲੇ ਪਾ ਗਏ।

ਬਾਬਾ ਜੀ ਬੜੇ ਉਦਾਰ ਤੇ ਕੋਮਲ-ਚਿਤ ਸਨ। ਆਪ ਕਿਸੇ ਨੂੰ ਵੀ ਕਿਸੇ ਤਕਲੀਫ਼ ਜਾਂ ਘਾਟ ਵਿਚ ਨਹੀਂ ਵੇਖ ਸਕਦੇ ਸਨ। ਆਪ ਜੀ ਦੀ ਮਹਾਨ ਆਤਮਾ, ਸਾਰੇ ਧਰਮਾਂ ਦੇ ਅਚਾਰਜਾਂ ਦਾ ਪੂਰਨ ਸਤਿਕਾਰ ਕਰਦੀ ਹੋਈ ਜੀਵ ਮਾਤਰ ਵਿਚ ਰੱਬੀ ਜੋਤ ਨੂੰ ਇਕ ਰਸ ਪ੍ਰੀਪੂਰਨ ਵੇਖਦੀ ਸੀ। ਆਪ ਮਜ਼੍ਹਬਾਂ ਦੇ ਨਾਂ ਪਰ ਕੀਤੇ ਜਾਣ ਵਾਲੇ ਝਗੜਿਆਂ ਨੂੰ ਮਨੁੱਖੀ ਵਿਕਾਸ ਦੇ ਰਸਤੇ ਵਿਚ ਇਕ ਵੱਡੀ ਰੁਕਾਵਟ ਸਮਝਦੇ ਸਨ। ਹਰੇਕ ਮਜ਼੍ਹਬ ਦੇ ਧਾਰਨੀ ਅਤੇ ਵਿਕੋਲਿੱਤਰੇ ਰਾਜਸੀ ਵੀਚਾਰ ਰਖਣ ਵਾਲੇ ਆਪ ਜੀ ਨੂੰ ਆਪਣਾ ਸਰਬ ਸਾਂਝਾ ਆਗੂ ਤੇ ਰਹਿਬਰ ਸਮਝਦੇ ਹੋਏ ਆਪ ਜੀ ਦਾ ਪੂਰਨ ਸਤਿਕਾਰ ਕਰਦੇ ਸਨ। 'ਸਰਬੱਤ ਦੇ ਭਲੇ' ਦੀ ਤਾਂਘ ਆਪ ਜੀ ਵਿਚ ਜੀਵਨ ਦੇ ਆਦਿ ਤੋਂ ਲੈ ਕੇ ਅੰਤ ਤਕ ਲਗਾਤਾਰ ਲਿਸ਼ਕਾਰੇ ਮਾਰਦੀ ਪਰਤੀਤ ਹੁੰਦੀ ਸੀ। ਆਪ ਦੇਸ਼ ਤੇ ਕੌਮ ਦੇ ਅਜਿਹੇ ਅਨਮੋਲ ਹੀਰੇ ਸਨ ਜੋ ਭਗਤੀ ਮਾਰਗ ਤੇ ਆਤਮਕ ਅਨੁਭਵ ਦੀ ਬਖ਼ਸ਼ਸ਼ ਨਾਲ ਲਬਾ ਲਬ ਰਹਿੰਦੇ ਹੋਏ ਦੇਸ਼ ਲਈ ਆਪਾ ਵਾਰ ਗਏ। ਆਪ ਜੀ ਦੇ ਪਰਉਪਕਾਰੀ ਜੀਵਨ ਦੀ ਯਾਦ ਵਿਚ ਅਨੰਦਪੁਰ ਸਾਹਿਬ ਤੇ ਉੱਤਰ ਪਰਦੇਸ਼ ਦੇ ਬਾਜਪੁਰ, ਪਲੀਆਂ ਕਲਾਂ ਤੇ ਰੁਦਰਪੁਰ ਵਿਚ 'ਬਾਬਾ ਵਸਾਖਾ ਸਿੰਘ ਹੋਮਿਓ ਫ਼ਰੀ ਹਸਪਤਾਲ' ਚਲ ਰਹੇ ਹਨ। ★

---

[ਸਫ਼ਾ ੧੪ ਦੀ ਬਾਕੀ]

ਸਕਦੇ, ਸਚ ਬੋਲਣ ਤਾਂ ਇਹ ਮੋਰਚਾ ਟਲ ਸਕਦਾ ਹੈ। ਗ਼ਲਤ ਤੇ ਬੇਸਿਰ ਪੈਰ ਰਿਪੋਰਟ ਅਤੇ ਮਸ਼ਵਰਾ ਦੇਣ ਵਾਲੇ ਨਾਦਾਨ ਦੋਸਤ ਕਹੀਂਦੇ ਹਨ । ਖ਼ੈਰ ਅਗਵਾਈ ਅਤੇ ਪਲੈਨਿੰਗ ਦੀ ਸਭ ਤੋਂ ਵਧੇਰੇ ਲੋੜ ਹੈ। ਅਗਵਾਈ ਲਈ ਵਿਅਕਤੀ ਤਾਂ ਨਿਯੁਕਤ ਹੋ ਗਿਆ, ਉਸ ਨੇ ਪਲੈਨਿੰਗ ਵੀ ਕਰ ਲਈ ਹੋਵੇਗੀ। ਪਰ ਪੰਥ ਵਿਚ ਵੀਚਾਰਸ਼ੀਲ, ਦਾਨਾ ਪਰੇ ਤੋਂ ਪਰੇ ਪਏ ਹਨ, ਤਰੈਕਾਲ ਦਰਸ਼ੀ ਮਹਾਂਪੁਰਖ ਵੀ ਮੌਜੂਦ ਹਨ। ਅਸੀਂ ਰਾਜ ਭਾਗ ਨੂੰ ਜੁਤੀ ਦੀ ਨੋਕ ਨਾਲ ਠੁਕਰਾ ਸਕਦੇ ਹਾਂ, ਪਰ ਧਰਮ ਲਈ ਅੰਗ ਅੰਗ ਕਟਵਾ ਕੇ ਅਮਰ ਹੋਣ ਦੇ ਆਸ਼ਕ ਹਾਂ। ਪਕੇ ਵਤਨ-ਪ੍ਰਸਤ ਹਾਂ ਅਤੇ ਵਿਧਾਨ ਦੇ ਮੰਨਣ ਵਾਲੇ ਹਾਂ, ਪਰ ਜ਼ੁਲਮ ਦੇ ਟਾਕਰੇ ਲਈ ਵੀ ਤਿਆਰ ਹਾਂ।

['ਗੁਰਮਤਿ ਵਿਚਾਰ ਪਤ੍ਰਿਕਾ' ੧-੩-੭੫



www.AKJ.Org

# ਵੈਸਾਖੀ ਦੀ ਦੇਣ—ਖ਼ਾਲਸਾ

[ ਵਲੋਂ— ਗਿਆਨੀ ਜਸਮੇਰ ਸਿੰਘ ਜੀ ਪਾਲ ]

ਸਿੱਖ ਇਤਿਹਾਸ ਦੀਆਂ ਮਹੱਤਵ-ਪੂਰਨ ਘਟਨਾਵਾਂ ਵੈਸਾਖ ਨਾਲ ਸਬੰਧਤ ਹਨ । ਖ਼ਾਲਸਈ ਰੂਪ ਵੈਸਾਖੀ ਵਾਲੇ ਦਿਨ ਹੀ ਉਜਾਗਰ ਹੋਇਆ । ਦਲ ਖ਼ਾਲਸਾ ਵੈਸਾਖੀ ਵਾਲੇ ਦਿਨ ਹੋਂਦ ਵਿਚ ਆਇਆ । ਮਹਾਰਾਜਾ ਰਣਜੀਤ ਸਿੰਘ ਜੀ ਪ੍ਰਸਿਧ ਸਿੱਖ ਹੁਕਮਰਾਨ ਲਾਹੌਰ ਦੇ ਤਖ਼ਤ ਉਤੇ ਵੈਸਾਖੀ ਵਾਲੇ ਦਿਨ ਬੈਠੇ ਸਨ । ਪੁਰਾਤਨ ਲਿਖਤਾਂ ਅਨੁਸਾਰ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ, ਵੈਸਾਖ ਸੁਦੀ ੩ ਸੰਮਤ ੧੫੨੬ ਦਾ ਮਿਲਦਾ ਹੈ । ਦੂਜੇ, ਪੰਜਵੇਂ ਤੇ ਨਾਵੇਂ ਗੁਰੂ ਸਾਹਿਬਾਨ ਦੇ ਜਨਮ ਦਿਨ ਵੀ ਵੈਸਾਖ ਦੇ ਮਹੀਨੇ ਨਾਲ ਹੀ ਸੰਬੰਧਤ ਹਨ ।

ਅਸੀਂ ਹਰ ਸਾਲ ਵੈਸਾਖੀ ਮਨਾਉਂਦੇ ਹਾਂ । ਸਿਖ ਇਤਿਹਾਸ ਦੀ ਵੈਸਾਖੀ ਕੌਮੀ ਵਿਸਾਖੀ ਹੈ । 'ਖ਼ਾਲਸਾ' ਹੀ ਹੈ ਜੋ ਆਪਣੇ ਪਰਗਟ ਹੋਣ ਦਾ ਜਨਮ ਦਿਨ ਮਨਾਂਦਾ ਹੈ । ਦੂਜੇ ਕਿਸੇ ਧਰਮ ਵਿਚ ਕੌਮ ਦਾ ਜਨਮ ਦਿਨ ਨਹੀਂ ਮਨਾਇਆ ਜਾਂਦਾ ।

ਦਸਮੇਸ਼ ਪਿਤਾ ਨੇ ਖੰਡੇ ਦੀ ਧਾਰ ਵਿਚੋਂ ਇਸ ਪਵਿਤਰ ਦਿਹਾੜੇ ਖ਼ਾਲਸੇ ਨੂੰ ਜਨਮ ਦਿਤਾ ਸੀ ਅਤੇ ਮਰਨ ਜੀਵਣ ਦੀ ਜਾਚ ਸਿਖਾਈ ਸੀ । ਉਨ੍ਹਾਂ ਨੇ ਇਕ ਆਦਰਸ਼ਕ ਮੁਕੰਮਲ ਇਨਸਾਨ ਦਾ ਨਕਸ਼ਾ ਘੜਿਆ ਸੀ । ਗੁਰੂ ਨਾਨਕ ਦੇਵ ਜੀ ਨੇ ਦੇਸ-ਦੇਸਾਂਤਰਾਂ ਦਾ ਰਟਨ ਕਰਦਿਆਂ ਚਾਰ ਉਦਾਸੀਆਂ ਕੀਤੀਆਂ ਸਨ । ਇਨ੍ਹਾਂ ਉਦਾਸੀਆਂ ਦਾ ਕੀ ਮੰਤਵ ਸੀ—ਖ਼ਾਲਸੇ ਦੀ ਸਾਜਨਾ ਲਈ ਜਿਹੜਾ ਬੀਜ ਦਸਵੇਂ ਜਾਮੇ ਵਿਚ ਬੋਜਿਆ ਉਸ ਲਈ ਧਰਤੀ ਤਿਆਰ ਕਰਨਾ ਸੀ । ਮੁਕੰਮਲ ਇਨਸਾਨ ਪੈਦਾ ਕਰਨਾ ਉਨ੍ਹਾਂ ਦਾ ਮਨੋਰਥ ਸੀ ।

ਗੁਰੂ ਨਾਨਕ ਦੇਵ ਜੀ ਜਿਥੇ ਵੀ ਗਏ ਧਰਮਸਾਲਾਂ ਕਾਇਮ ਕੀਤੀਆਂ, ਸੰਗਤਾਂ ਬਣਾਈਆਂ ਤੇ ਵੰਡ ਛਕਣ ਦੀ ਜਾਚ ਦਸੀ । ਉਨ੍ਹਾਂ ਨੇ ਲੋੜਵੰਦਾਂ ਤੇ ਦੁਖੀਆਂ ਦੀ ਸਹਾਇਤਾ ਕਰਨ ਦਾ ਸਾਹਸ ਦਿਤਾ ਅਤੇ ਵਾਹਿਗੁਰੂ ਦਾ ਨਾਮ ਜਪਾਇਆ । ਗੁਰੂ ਨਾਨਕ ਦੇਵ ਜੀ ਦੀ ਕਾਇਮ ਕੀਤੀ ਸੰਗਤ ਦਸਮੇਸ਼ ਗੁਰੂ ਜੀ ਦੇ ਸਮੇਂ ਖ਼ਾਲਸੇ ਦੇ ਰੂਪ ਵਿਚ ਉਜਾਗਰ ਹੋਈ ।

ਸੰਸਾਰ ਦੇ ਸਾਰੇ ਇਤਿਹਾਸ ਵਿਚ ਸਿਖ ਗੁਰੂ ਸਾਹਿਬਾਨ ਤੋਂ ਬਿਨਾਂ ਕਿਸੇ ਵੀ ਧਾਰਮਕ ਆਗੂ ਜਾਂ ਪੈਗ਼ੰਬਰ ਨੇ ਆਪਣੇ ਚੇਲਿਆਂ ਨੂੰ ਆਪਣੇ ਬਰਾਬਰ ਦਾ ਦਰਜਾ ਨਹੀਂ ਦਿਤਾ । ਪਰ ਸਿੱਖ ਧਰਮ ਨੇ ਉਲਟੀ ਗੰਗਾ ਵਗਾ ਦਿਤੀ । ਲਹਿਣਾ ਅੰਗਦ ਬਣ ਕੇ ਗੁਰੂ ਨਾਨਕ ਦੀ ਥਾਂ ਲੈ ਗਿਆ । ਅਮਰਦਾਸ ਜੀ 'ਅਮਰੂ ਨਿਥਾਵਾਂ' ਸਦਵਾ ਕੇ, ਜਲ ਦੀਆਂ ਗਾਗਰਾਂ ਢੋਂਦੇ ਢੋਂਦੇ, ਗੁਰੂ ਅੰਗਦ ਸਾਹਿਬ ਤੋਂ ਜੋਤਿ ਪ੍ਰਾਪਤ ਕਰ ਕੇ ਗੁਰੂ ਅਮਰਦਾਸ ਜੀ ਬਣ ਗਏ । ਘੁੰਗਣੀਆਂ ਵੇਚਣ ਵਾਲੇ ਭਾਈ ਜੇਠਾ ਜੀ ਅਤੁਟ ਸੇਵਾ ਵਿਚ ਜੁਟ ਕੇ ਗੁਰੂ-ਜੋਤਿ ਨਾਲ ਇਕ ਮਿਕ ਹੋ ਕੇ, ਗੁਰੂ ਰਾਮਦਾਸ ਜੀ ਬਣ ਗਏ । ਇਸੇ ਤਰ੍ਹਾਂ ਕਲਗੀਧਰ ਦਸਮੇਸ਼ ਪਿਤਾ ਨੇ ਖ਼ਾਲਸੇ ਨੂੰ ਅ ਪਣਾ ਖ਼ਾਸ ਰੂਪ ਕਰਾਰ ਦਿਤਾ । ਗੁਰੂ ਚੇਲੇ ਦੀ ਵਿੱਥ ਨੂੰ ਮੇਟ ਦਿਤਾ—

ਵਾਹੁ ਵਾਹੁ ਗੋਬਿੰਦ ਸਿੰਘ, ਆਪੇ ਗੁਰ ਚੇਲਾ ।

ਕਲਗੀਧਰ ਜੀ ਨੇ ਉਨ੍ਹਾਂ ਮਨੁੱਖਾਂ ਨੂੰ ਜੋ ਕੀੜਿਆਂ ਮਕੋੜਿਆਂ ਤੇ ਭੇਡਾਂ ਬਕਰੀਆਂ ਵਾਂਗ ਦਿਨ-ਕਟੀ ਕਰ ਰਹੇ ਸਨ, ਮਨੁੱਖਤਾ ਦੀਆਂ ਸਹੀ ਕੀਮਤਾਂ ਦੀ ਸੂਝ ਬਖਸ਼ ਕੇ ਸਹੀ ਤੌਰ ਤੇ ਜੀਵਨ ਜੀਊਣ ਦੀ ਜਾਚ ਦਸੀ । ਖ਼ਾਲਸੇ ਨੂੰ ਜ਼ਬਤ ਵਾਲਾ, ਸ੍ਵੈ-ਵਿਸ਼ਵਾਸੀ, ਉਚ-ਆਦਰਸ਼ੀ, ਪਵਿੱਤਰ, ਸਿਦਕੀ ਤੇ ਬਚਨ ਦਾ ਬਲੀ ਹੋਣ ਦਾ ਸੰਦੇਸ਼ ਦਿਤਾ । ਹਰ ਔਖੀ ਘੜੀ ਦਾ ਪੂਰਨ ਦਲੇਰੀ, ਪੂਰਨ ਖੇੜੇ ਤੇ ਹੁਲਾਰੇ ਵਿਚ ਰਹਿ ਕੇ ਟਾਕਰਾ ਕਰਨਾ ਸਿਖਾਇਆ ਅਤੇ ਆਲਸ, ਦਲਿੱਦਰ ਤੇ ਚਿੰਤਾ ਝੋਰਿਆਂ ਤੋਂ ਨਿਜਾਤ ਬਖ਼ਸ਼ੀ । ਖ਼ਾਲਸੇ ਨੂੰ ਆਪਣੇ ਪਰਵਾਰ, ਆਪਣੇ ਆਲੇ ਦੁਆਲੇ, ਆਪਣੇ ਦੇਸ਼ ਅਤੇ ਸਾਰੇ ਸੰਸਾਰ ਦਾ ਹਿਤੈਸ਼ੀ ਤੇ ਹਮਦਰਦ ਬਣਨ ਦੀ ਗੁੜ੍ਹਤੀ ਦਿਤੀ । ਖ਼ਾਲਸੇ ਨੂੰ ਧਰਮ, ਦੇਸ਼ ਅਤੇ ਦੀਨਾਂ ਦੁਖੀਆਂ ਦੀ ਖ਼ਾਤਰ ਮਰ ਮਿਟਣ ਲਈ, ਆਪਣੀ ਜਾਨ ਤਕ ਵਾਰ ਦੇਣ ਲਈ ਤਾਕੀਦੀ ਹੁਕਮ ਕੀਤਾ ।

[ਬਾਕੀ ਦੇਖੋ ਸਫ਼ਾ ੧੯ ਦੇ ਹੇਠ]



www.AKJ.Org

# ਹੋਲੀ ਤੋਂ ਹੋਲਾ ਮਹੱਲਾ

[ ਵਲੋਂ — ਗਿਆਨੀ ਦੀਦਾਰ ਸਿੰਘ ਜੀ, ਰੋਪੜ ]

ਕਈ ਹੋਰ ਮੌਸਮੀ ਤਿਉਹਾਰਾਂ ਦੀ ਤਰ੍ਹਾਂ ਹੋਲੀ ਵੀ ਇਕ ਮੌਸਮੀ ਤਿਉਹਾਰ ਹੈ, ਪਰ ਬਾਅਦ ਵਿਚ ਇਸ ਨਾਲ ਪ੍ਰਹਿਲਾਦ ਭਗਤ ਦੀ ਭੂਆ 'ਢੂੰਡਾਂ' ਦੀ ਕਹਾਣੀ ਵੀ ਜੋੜੀ ਗਈ।

ਕਹਾਣੀ ਇਸਤਰ੍ਹਾਂ ਹੈ—

ਹਰਨਾਕਸ਼ ਨੇ ਤਪ ਕਰ ਕੇ ਇਹ ਵਰ ਲਿਆ ਸੀ ਕਿ ਮੈਂ ਨਾ ਅੰਦਰ ਮਰਾਂ ਨਾ ਬਾਹਰ, ਨਾ ਰਾਤ ਨੂੰ ਮਰਾਂ ਨਾ ਦਿਨ ਨੂੰ, ਨਾ ਕਿਸੇ ਪਸ਼ੂ ਕੋਲੋਂ ਮੇਰੀ ਮੌਤ ਹੋਵੇ ਨਾ ਕਿਸੇ ਮਨੁਖ ਤੋਂ...ਆਦਿ।

ਇਹੋ ਜਿਹਾ ਵਰ ਪ੍ਰਾਪਤ ਕਰਨ ਮਗਰੋਂ ਰਾਜੇ ਹਰਨਾਖਸ਼ ਨੂੰ ਹੰਕਾਰ ਹੋ ਗਿਆ! ਮਰਨ ਦਾ ਡਰ ਉਸਨੂੰ ਨਾ ਰਿਹਾ, ਜਿਸ ਕਰਕੇ ਉਹ ਮਨ-ਆਈਆਂ ਕਰਨ ਲਗ ਪਿਆ। ਉਹ ਲੋਕਾਂ ਨੂੰ ਪ੍ਰਭੂ-ਭਗਤੀ ਤੋਂ ਹਟਾ ਕੇ ਆਪਣਾ ਨਾਮ ਜਪਾਉਣ ਲਗ ਪਿਆ।

ਰੱਬ ਦੀ ਕਰਨੀ ਵੇਖੋ। ਹਰਨਾਖਸ਼ ਦੇ ਘਰ ਪ੍ਰਹਿਲਾਦ ਭਗਤ ਪੈਦਾ ਹੋ ਗਿਆ। ਜਦ ਉਹ ਸਕੂਲ ਜਾਣ ਲਗਾ ਤਾਂ ਬਾਕੀ ਵਿਦਿਆਰਥੀਆਂ ਦੀ ਤਰ੍ਹਾਂ ਉਸ ਨੂੰ ਵੀ ਹਰਨਾਖਸ਼ ਦੀ ਉਪਾਸ਼ਨਾ ਕਰਨ ਲਈ ਮਜਬੂਰ ਕੀਤਾ ਜਾਣ ਲਗਾ। ਪਰ ਪ੍ਰਹਿਲਾਦ ਨੇ ਇਨਕਾਰ ਕਰ ਦਿਤਾ, ਕਿਉਂਕਿ ਉਸ ਨੂੰ ਸਰਬ-ਵਿਆਪਕ ਪ੍ਰਭੂ ਦੀ ਹੋਂਦ ਦਾ ਪਰਤੱਖ ਝਲਕਾਰਾ ਪੈ ਚੁਕਾ ਸੀ। ਉਸ ਦੇ ਦੋਹਾਂ ਅਧਿਆਪਕਾਂ ਸੰਡਾ ਅਤੇ ਅਮਰਕ ਨੇ ਰਾਜੇ ਅਗੇ ਸ਼ਿਕਾਇਤ ਕੀਤੀ ਕਿ ਪ੍ਰਹਿਲਾਦ ਆਖੇ ਨਹੀਂ ਲਗਦਾ। ਉਹ ਜਿਥੇ ਆਪ ਰਾਮ ਦਾ ਨਾਂ ਜਪਦਾ ਹੈ ਉਥੇ ਹੋਰਨਾਂ ਵਿਦਿਆਰਥੀਆਂ ਨੂੰ ਵੀ ਆਪਣੇ ਮਗਰ ਲਾ ਲੈਂਦਾ ਹੈ। ਇਸੇ ਤਰ੍ਹਾਂ ਦੂਜੇ ਵਿਦਿਆਰਥੀਆਂ ਨੂੰ ਵਿਗਾੜ ਰਿਹਾ ਹੈ। ਜਿਵੇਂ ਲਿਖਿਆ ਵੀ ਹੈ :—

ਰਾਮ ਕਹੈ ਕਰ ਤਾਲ ਬਜਾਵੈ,  
ਚਟੀਆ ਸਭੇ ਬਿਗਾਰੇ ॥

ਰਾਜੇ-ਰਾਣੀ ਤੇ ਹੋਰ ਅਮੀਰ ਵਜ਼ੀਰਾਂ ਨੇ ਬੜੇ ਯਤਨ ਕੀਤੇ, ਪਰ ਪ੍ਰਹਿਲਾਦ ਜੀ ਆਪਣੇ ਇਰਾਦੇ ਦੇ ਪੱਕੇ ਰਹੇ

---

[ਸਫ਼ਾ ੧੭ ਦੀ ਬਾਕੀ]

ਜਾਤ ਪਾਤ, ਛੂਤ ਛਾਤ, ਕਰਮ-ਕਾਂਡ ਅਤੇ ਪਖੰਡ-ਦਿਖਾਵੇ ਆਦਿ ਤੋਂ ਉਚਿਆਂ ਚੁਕ ਕੇ ਸਾਰੀ ਕਾਇਨਾਤ ਵਿਚ ਪ੍ਰਭੂ ਦੀ ਜੋਤਿ ਦੇ ਦਰਸ਼ਨ ਕਰਨ ਦਾ ਆਦੇਸ਼ ਦਿਤਾ ਅਤੇ ਉਸ ਜੋਤਿ ਵਿਚ ਅਠੇ ਪਹਿਰ ਸੁਰਤ ਜੋੜ ਕੇ ਇਕ-ਮਿਕ ਹੋਣ ਦੀ ਮਹਾਨ ਦਾਤ ਬਖ਼ਸ਼ੀ।

ਖ਼ਾਲਸੇ ਦੇ ਇਨ੍ਹਾਂ ਆਦਰਸ਼ਾਂ ਨੂੰ ਸਭ ਤੋਂ ਪਹਿਲਾਂ ਸੀਸ ਭੇਟ ਕਰਨ ਵਾਲੇ ਪੰਜਾਂ ਨੇ ਕਬੂਲ ਕੀਤਾ। ਉਨ੍ਹਾਂ ਨੇ ਪਰਵਾਨ ਕਰ ਕੇ ਸੀਸ ਨਿਵਾਏ, ਉਪਰੰਤ ਸੈਂਕੜੇ ਤੇ ਹਜ਼ਾਰਾਂ ਸਿੰਘਾਂ ਨੇ ਅੰਮ੍ਰਿਤ-ਬਾਟਾ ਪਾਨ ਕਰ ਕੇ ਉਪਰੋਕਤ ਪ੍ਰਣ ਲਏ। ਇਉਂ ਵਿਸਾਖੀ ਵਾਲੇ ਦਿਨ ਖ਼ਾਲਸਾ ਇਲਾਹੀ ਰੰਗਣਾਂ ਵਿਚ ਰੰਗੀਜਿਆ ਹੋਇਆ ਇਕ ਮਹਾਨ ਜੱਥੇਬੰਦੀ ਵਿਚ ਪ੍ਰੋਤਾ ਗਿਆ।

ਸੰਤ ਸਰੂਪ ਖ਼ਾਲਸੇ ਨੇ ਖੜਗਧਾਰੀ ਤੇ ਸ਼ਸਤ੍ਰਧਾਰੀ ਰਹਿ ਕੇ ਅੰਮ੍ਰਿਤ ਦੀ ਪਾਲਣਾ ਕਰਨੀ ਹੈ। ਖ਼ਾਲਸੇ ਨੇ ਨਾ ਕਿਸੇ ਤੋਂ ਡਰਨਾ ਹੈ ਤੇ ਨਾ ਕਿਸੇ ਨੂੰ ਡਰਾਉਣਾ ਹੈ —

"ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ ॥"

ਵਾਲੀ ਅਵਸਥਾ ਵਿਚ ਵਿਚਰਨਾ ਹੈ। 'ਸਿਖੀ' ਸੇਵਾ ਸਿਮਰਨ ਦਾ ਜੀਵਨ ਹੈ। ਇਸ ਸੇਵਾ ਸਿਮਰਨ ਵਾਲੇ ਜੀਵਨ ਦੀ ਰਖਵਾਲੀ ਲਈ ਖੜਕ ਦੀ ਓਟ ਜ਼ਰੂਰੀ ਹੈ। ਗੁਰੂ ਦਸਮੇਸ਼ ਪਾਤਸ਼ਾਹ ਦੇ ਪਾਏ ਹੋਏ ਪੂਰਨਿਆਂ ਤੇ ਚਲ ਕੇ ਖ਼ਾਲਸੇ ਨੇ ਆਪਣੀ ਜੋਤਿ ਨੂੰ ਪਰਮ-ਆਤਮਾ ਦੀ ਜੋਤਿ ਵਿਚ ਲੀਨ ਕਰਨਾ ਹੈ। ਖ਼ਾਲਸੇ ਨੂੰ ਇਹ ਰਹਿਤ-ਰਹਿਣੀ ਧਾਰਨ ਕਰਨ ਲਈ ਕਲਗੀਧਰ ਜੀ ਨੇ ਸੰਖੇਪ ਸ਼ਬਦਾਂ ਵਿਚ ਇਉਂ ਹੁਕਮ ਕੀਤਾ ਹੈ—

ਜਾਗਤ ਜੋਤਿ ਜਪੈ ਨਿਸ ਬਾਸੁਰ, ਏਕ ਬਿਨਾ ਮਨ ਨੈਕ ਨ ਆਨੈ ॥ ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ ॥ ਤੀਰਥ ਦਾਨ ਦਇਆ ਤਪ ਸੰਜਮ, ਏਕ ਬਿਨਾ ਨਹਿ ਏਕ ਪਛਾਨੈ ॥ ਪੂਰਨ ਜੋਤ ਜਗੈ ਘਟ ਮੈ, ਤਬ ਖਾਲਸ ਤਾਹਿ ਨਖਾਲਸ ਜਾਨੈ ॥



www.AKJ.Org

ਤੇ ਕਹਿੰਦੇ ਹਨ :—

ਇਕ ਰਾਮ ਨ ਛੋਡਉ ਗੁਰਹਿ ਗਾਰਿ ॥
ਮੋ ਕਉ ਘਾਲਿ ਜਾਰ ਭਾਵੈ ਮਾਰ ਡਾਰਿ ॥

ਜਦ ਭਗਤ ਜੀ ਕਿਸੇ ਤਰ੍ਹਾਂ ਵੀ ਨਾ ਮੰਨੇ ਤਾਂ ਉਨ੍ਹਾਂ ਨੂੰ ਬਹੁਤ ਦੁਖ ਦਿਤੇ ਗਏ । ਭਾ: ਗੁਰਦਾਸ ਜੀ ਦੇ ਕਥਨ ਅਨੁਸਾਰ :— ਜਲ ਅਗਨੀ ਵਿਚ ਘਤਿਆ,
ਜਲੇ ਨ ਡੂਬੇ ਗੁਰ ਪ੍ਰਸਾਦਿ ॥

ਭਾਵ—ਭਗਤ ਜੀ ਨੂੰ ਪਾਣੀ ਵਿਚ ਡੋਬਿਆ ਗਿਆ, ਅੱਗ ਵਿਚ ਸਾੜਨ ਦਾ ਯਤਨ ਕੀਤਾ ਗਿਆ । ਪਹਾੜ ਤੋਂ ਡੇਗ ਕੇ ਮਾਰ ਦੇਣ ਦਾ ਯਤਨ ਕੀਤਾ ਗਿਆ । ਪਰ ਜਿਸਨੂੰ ਪ੍ਰਭੂ ਆਪ ਰਖਣ ਵਾਲਾ ਹੋਵੇ ਉਸ ਨੂੰ ਕੌਣ ਮਾਰ ਸਕਦਾ ਹੈ ?

ਰਾਜਾ ਹਰਨਾਖਸ਼ ਦੀ ਭੈਣ ਦਾ ਨਾਂ ਢੂੰਡਾਂ ਸੀ । ਉਸ ਨੇ ਤਪ ਕਰਕੇ ਸ਼ਿਵ ਜੀ ਤੋਂ ਅੱਗ ਵਿਚ ਨਾ ਸੜਨ ਦਾ ਵਰ ਲਿਆ ਹੋਇਆ ਸੀ । ਉਹ ਆਪਣੇ ਭਰਾ ਦੇ ਕਹਿਣ ਉਤੇ ਆਪਣੇ ਭਤੀਜੇ ਪ੍ਰਹਿਲਾਦ ਨੂੰ ਸਾੜਨ ਲਈ ਉਸ ਨੂੰ ਲੈ ਕੇ ਅੱਗ ਵਿਚ ਬੈਠ ਗਈ, ਪਰ ਰੱਬ ਦੀ ਕੁਦਰਤ ਵੇਖੋ । ਪ੍ਰਭੂ ਦੀ ਭਗਤੀ ਕਰਨ ਵਾਲਾ ਪ੍ਰਹਿਲਾਦ ਤਾਂ ਬਚ ਗਿਆ, ਪਰ ਸ਼ਿਵ (ਦੇਵਤੇ) ਦੀ ਭਗਤੀ ਕਰਨ ਵਾਲੀ ਢੂੰਡਾਂ ਸੜ ਮੋਈ ।

**ਚਾਹੀਦਾ ਤਾਂ ਇਹ ਸੀ ਕਿ ਇਸ ਹੋਲੀ ਵਾਲੇ ਦਿਨ ਇਕ ਪ੍ਰਭੂ ਦੀ ਭਗਤੀ ਦੀ ਮਹਾਨਤਾ ਦਰਸਾਈ ਜਾਂਦੀ ਜਾਂ ਭਗਤ ਪ੍ਰਹਿਲਾਦ ਦੇ ਸਿਦਕ ਤੇ ਭਰੋਸੇ ਦਾ ਪ੍ਰਚਾਰ ਹੁੰਦਾ, ਪਰ ਹੋ ਗਿਆ ਇਸਦੇ ਉਲਟ । ਲੋਕਾਂ ਨੇ ਪ੍ਰਭੂ ਦੇ ਨਾਮ ਦੇ ਰੰਗ ਤੇ ਉਸਦੀ ਖੁਸ਼ਬੋ ਦੀ ਥਾਂ ਗੰਦ ਘੋਲਣ ਅਤੇ ਗੰਦ ਬਕਣ ਨੂੰ ਹੀ ਹੋਲੀ ਸਮਝ ਲਿਆ ।**

ਦਰ-ਅਸਲ ਜਦ ਭਾਰਤ ਵਾਸੀਆਂ ਵਿਚ ਗਿਰਾਵਟ ਆ ਗਈ ਤਾਂ ਇਨ੍ਹਾਂ ਦੇ ਤਿਉਹਾਰ ਵੀ ਵਿਗੜ ਗਏ । । ਅਤਰ-ਫੁਲੇਲ ਦੀ ਥਾਂ ਚਿਕੜ ਤੇ ਗੰਦ ਨੇ ਲੈ ਲਈ । ਫੁੱਲਾਂ ਦੀ ਵਰਖਾ ਦੀ ਥਾਂ ਮਿੱਟੀ ਤੇ ਗੋਬਰ ਸੁਟਿਆ ਜਾਣ ਲਗ ਪਿਆ । ਕੇਸਰ ਦੇ ਟਿਕਿਆਂ ਦੀ ਥਾਂ ਇਕ ਦੂਜੇ ਦੇ ਮੂੰਹ ਕਾਲੇ ਹੋਣ ਲਗ ਪਏ । ਜਿਥੇ ਅਗੇ ਇਨ੍ਹਾਂ ਦਿਨਾਂ ਵਿਚ ਵਿਛੜੇ ਸਜਨ ਮਿਲਦੇ ਹੁੰਦੇ ਸਨ ਅਤੇ ਵਿਛੜੇ ਹੋਇਆਂ ਦਾ ਮਿਲਾਪ ਕਰਾਇਆ ਜਾਂਦਾ ਸੀ, ਉਥੇ ਇਨ੍ਹਾਂ ਦਿਨਾਂ ਵਿਚ ਇਕ ਦੂਜੇ ਨਾਲ ਜ਼ਿਆਦਤੀ ਕਰ ਕੇ, ਝਗੜੇ ਖੜੇ ਹੋਣ ਲਗ ਪਏ । ਫਸਾਦ ਤੇ ਨਫ਼ਰਤ ਪੈਦਾ ਹੋਣੀ ਸ਼ੁਰੂ ਹੋ ਗਈ ।

ਸਾਡੇ ਗੁਰੂ ਸਾਹਿਬਾਂ ਨੇ ਜਿਥੇ ਸਾਡੇ ਵਹਿਮ-ਭਰਮ, ਪਾਖੰਡ ਤੇ ਅਗਿਆਨਤਾ ਨੂੰ ਦੂਰ ਕਰਨ ਲਈ ਗਲਤ ਰਸਮਾਂ-ਰਿਵਾਜਾਂ ਵਿਰੁਧ ਪ੍ਰਚਾਰ ਕੀਤਾ ਉਥੇ ਉਨ੍ਹਾਂ ਨੇ ਸਾਨੂੰ ਨਵੇਂ ਤੇ ਠੀਕ ਤਰੀਕੇ ਨਾਲ ਤਿਉਹਾਰ ਮਨਾਉਣ ਦੀ ਜਾਚ ਵੀ ਦੱਸੀ । ਪੰਜਵੇਂ ਗੁਰੂ ਸਾਹਿਬ ਨੇ ਹੋਲੀ ਬਾਰੇ ਲਿਖਿਆ ਹੈ :— ਹੋਲੀ ਕੀਨੀ ਸੰਤ ਸੇਵ ..... ... ।

ਭਾਵ—ਅਸਲ ਹੋਲੀ ਤਾਂ ਸੰਤਾਂ ਦੀ ਸੇਵਾ ਕਰਨੀ ਹੈ । ਸੇਵਾ ਲਈ ਜ਼ਰੂਰੀ ਹੈ ਕਿ ਸਰੀਰ ਤਕੜਾ ਤੇ ਨਰੋਆ ਹੋਵੇ । ਤਕੜਾ ਹੋਣ ਲਈ ਜਿਥੇ ਕਸਰਤ ਜ਼ਰੂਰੀ ਹੈ ਉਥੇ ਮਾੜੀਆਂ ਗੱਲਾਂ ਦਾ ਤਿਆਗ ਵੀ ਜ਼ਰੂਰੀ ਹੈ ।

## ਹੋਲੀ ਤੋਂ ਹੋਲਾ ਮਹੱਲਾ—

"ਹੋਲਾ ਮਹੱਲਾ" ਅਰਬੀ ਫ਼ਾਰਸੀ ਦੇ ਲਫਜ਼ ਹਨ । ਜਿਨ੍ਹਾਂ ਦਾ ਅਰਥ ਹੈ "ਹਮਲਾ ਅਤੇ ਹਮਲੇ ਵਾਲੀ ਥਾਂ ।"

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਜਿਥੇ ਸਾਡੀ ਸ਼ਕਲ-ਸੂਰਤ ਬਦਲੀ, ਸਾਡਾ ਰਹਿਣ-ਸਹਿਣ ਬਦਲਿਆ, ਸਾਡੇ ਸੋਚਣ-ਢੰਗ ਬਦਲੇ, ਉਥੇ ਸਾਡੇ ਤਿਉਹਾਰ ਦੀ ਬਦਲ ਦਿੱਤੇ ।

ਹੋਲੀ ਉਤੇ ਸਿਰ ਮੂੰਹ ਕਾਲੇ ਹੋਣ ਦੀ ਥਾਂ ਸਿਰਾਂ ਉਤੇ ਰੰਗ ਬਰੰਗੀਆਂ ਦਸਤਾਰਾਂ ਤੇ ਦੁਮਾਲਿਆਂ ਦੇ ਮੁਕਾਬਲੇ ਹੋਣ ਲਗ ਪਏ । ਇਕ ਦੂਜੇ ਮਗਰ ਦੌੜ ਕੇ ਰੰਗ ਤੇ ਗੋਬਰ ਸੁਟਣ ਦੀ ਜਗ੍ਹਾ ਘੋੜ-ਦੌੜਾਂ ਦੇ ਮੁਕਾਬਲੇ ਨੇ ਲੈ ਲਈ, ਨੇਜੇ ਬਾਜ਼ੀ, ਕੁਸ਼ਤੀਆਂ ਤੇ ਖੇਡਾਂ ਨੇ ਲੈ ਲਈ । ਸਰੀਰ ਤਕੜੇ ਹੋਣ ਲਗ ਪਏ । ਹੋਲੀਆਂ ਦੇ ਆਖ਼ਰੀ ਦਿਨ "ਹੋਲਾ ਮਹੱਲਾ" ਨਿਕਲਣ ਲਗ ਪਿਆ । ਅਨੰਦਪੁਰ ਦਾ ਕਿਲ੍ਹਾ 'ਹੋਲ ਗੜ੍ਹ" ਇਸ ਦਿਨ ਦੀ ਯਾਦ ਹੁਣ ਵੀ ਦਿਵਾਉਂਦਾ ਹੈ ਕਿ ਇਸ ਥਾਂ ਮਹਾਰਾਜ ਨੇ ਪਹਿਲੀ ਵਾਰ ਸੰਮਤ **1747** ਚੇਤ ਵਦੀ ਇਕ ਨੂੰ ਖ਼ਾਲਸੇ ਦਾ ਪਹਿਲਾ ਮਹੱਲਾ ਕੱਢਿਆ ਸੀ ।



www.AKJ.Org

ਮਹਾਰਾਜ ਖ਼ਾਲਸੇ ਨੂੰ ਸ਼ਸਤਰ ਅਤੇ ਯੁੱਧ ਵਿਚ ਨਿਪੁੰਨ ਕਰਨ ਲਈ ਦੋ ਫੌਜਾਂ ਬਣਾ ਕੇ, ਚੰਗੇ ਸਿਆਣੇ ਮੁਖੀ ਸਿੰਘਾਂ ਦੀ ਨਿਗਰਾਨੀ ਹੇਠ ਇਕ ਖ਼ਾਸ ਥਾਂ ਤੇ ਹਮਲਾ ਕਰਾਉਂਦੇ। ਬਨਾਵਟੀ ਲੜਾਈ ਲੜੀ ਜਾਂਦੀ। ਦੋਹਾਂ ਪਾਸਿਆਂ ਦੀਆਂ ਫੌਜਾਂ ਨੂੰ ਸ਼ੁਭ ਸਿਖਿਆ ਦੇ ਕੇ ਉਨ੍ਹਾਂ ਦੀ ਹੌਸਲਾ-ਅਫਜ਼ਾਈ ਲਈ ਦੀਵਾਨਾਂ ਵਿਚ ਉਨ੍ਹਾਂ ਨੂੰ ਸਿਰੋਪਾ ਬਖਸ਼ੇ ਜਾਂਦੇ।

ਅਜ ਕਲ ਵੀ ਹੋਲੇ ਵਾਲੇ ਦਿਨ ਪੰਜ ਪਿਆਰੇ ਕਿਲ੍ਹਾ ਅਨੰਦ-ਗੜ੍ਹ ਤੋਂ ਅਰਦਾਸਾ ਕਰ ਕੇ, ਨਿਸ਼ਾਨ ਸਾਹਿਬ ਲੈ ਕੇ ਮਹੱਲੇ (ਜਲੂਸ) ਦੀ ਸ਼ਕਲ ਵਿਚ ਚੜ੍ਹਦੇ ਹਨ। ਉਨ੍ਹਾਂ ਨਾਲ ਤਰਨਾ ਦਲ ਤੇ ਬੁਢਾ ਦਲ ਦੇ ਨਿਹੰਗ ਸਿੰਘ ਘੋੜਿਆਂ ਤੇ ਊਠਾਂ ਉਤੇ ਸਵਾਰ, ਨਗਾਰੇ ਵਜਾਂਦੇ, ਜੈਕਾਰੇ ਗਜਾਂਦੇ, ਗੁਲਾਲ ਛਿੜਕਦੇ ਇਕ ਅਨੋਖੇ ਉਤਸ਼ਾਹ ਨਾਲ ਦੌੜਦੇ ਉਛਲਦੇ ਨਿਕਲਦੇ ਹਨ। ਨਗਾਰਿਆਂ ਤੇ ਬੈਂਡ ਵਾਜਿਆਂ ਦੀਆਂ ਭਾਂਤ ਭਾਂਤ ਦੀਆਂ ਸੁਰਾਂ ਤੇ ਅਵਾਜ਼ਾਂ ਸਮੇਤ "ਹੋਲ-ਗੜ੍ਹ" ਕਿਲ੍ਹੇ ਤੋਂ ਹੁੰਦੇ 'ਚਰਨ ਗੰਗਾ' ਦੇ ਰੇਤਲੇ ਮੈਦਾਨ ਵਿਚ ਪੁਜਦੇ ਹਨ। ਉਥੇ ਨੇਜ਼ਾ-ਬਾਜ਼ੀ, ਘੋੜ-ਦੌੜ, ਗਤਕਾ ਤੇ ਹੋਰ ਸ਼ਸਤਰਾਂ ਦੇ ਅਨੇਕ ਕਰਤਬ ਦਿਖਾਏ ਜਾਂਦੇ ਹਨ।

ਸ਼ਾਮ ਨੂੰ ਤਖ਼ਤ ਸ੍ਰੀ ਕੇਸ ਗੜ੍ਹ ਸਾਹਿਬ ਪੁਜੇ ਹੋਲੇ ਮਹੱਲੇ ਦੀ ਸਮਾਪਤੀ ਦਾ ਅਰਦਾਸਾ ਹੁੰਦਾ ਹੈ।

## ਹੋਲਾ ਮਨਾਉਣ ਵਾਲਿਓ ਗੁਰੂ ਕੇ ਸਿੰਘੋ ! ਸੁਣੋ !

ਮੁਸਲਮਾਨਾਂ ਦੇ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਦੇ ਸਭ ਤੋਂ ਜ਼ਿਆਦਾ ਪਿਆਰੇ (ਨੇੜੇ ਰਹਿਣ ਵਾਲੇ ਭਗਤ) ਚਾਰ ਸਨ। ਉਨ੍ਹਾਂ ਨੂੰ ਚਾਰ ਸੇਵਕ ਜਾਂ ਚਾਰ ਯਾਰ ਦੇ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ।

ਹਨੂਮਾਨ ਜੀ, ਸ੍ਰੀ ਰਾਮ ਚੰਦਰ ਜੀ ਦੇ ਸਭ ਤੋਂ ਵਧ ਨੇੜਤਾ ਰਖਣ ਵਾਲੇ ਸੇਵਕ (ਭਗਤ) ਸਨ। ਉਨ੍ਹਾਂ ਨੇ ਇਕ ਵਾਰ ਆਪਣੀ ਛਾਤੀ ਚੀਰ ਕੇ ਦਸਿਆ ਸੀ ਕਿ ਕਿਸ ਤਰ੍ਹਾਂ ਉਨ੍ਹਾਂ ਦੇ ਰੋਮ ਰੋਮ ਵਿਚ 'ਰਾਮ' ਰਚਿਆ ਹੋਇਆ ਹੈ। ਪਰ ਹਜ਼ਰਤ ਤੇ ਰਾਮ ਜੀ ਦੇ ਸੇਵਕ ਸਾਰੀ ਉਮਰ ਸੇਵਕ ਹੀ ਰਹੇ। ਉਹ ਆਪਣੇ ਅਵਤਾਰ ਜਾਂ ਪੈਗੰਬਰ (ਪ੍ਰਭੂ) ਦੇ ਬਰਾਬਰ ਨਹੀਂ ਹੋ ਸਕੇ।

ਪਰ ਇਧਰ ਦੇਖੋ, ਆਪਣੇ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵਲ। ਜਿਨ੍ਹਾਂ ਨੇ ਆਪਣੇ ਸਿਖਾਂ ਨੂੰ ਆਪਣੇ ਵਰਗੀ ਸ਼ਕਲ-ਸੂਰਤ ਦਿਤੀ, ਆਪਣੇ ਵਰਗੇ ਗੁਣ ਆਪਣੇ ਸਿਖਾਂ ਵਿਚ ਭਰੇ, ਆਪਣੀ ਸਾਂਝ ਸਿਖਾਂ ਨਾਲ ਪੱਕੀ ਕਰਨ ਲਈ ਆਪਣੇ ਨਾਂ ਨਾਲ 'ਸਿੰਘ' ਲਾਇਆ ਤੇ ਆਪਣੇ ਸਿਖਾਂ ਦੇ ਨਾਵਾਂ ਨਾਲ ਵੀ 'ਸਿੰਘ' ਸ਼ਬਦ ਲਾਇਆ। ਆਪ ਗੁਰੂ ਹੁੰਦੇ ਹੋਏ ਸਿਖਾਂ ਨੂੰ (ਪੰਜਾਂ ਪਿਆਰਿਆਂ ਨੂੰ) ਅੰਮ੍ਰਿਤ ਛਕਾ ਕੇ ਫਿਰ ਉਨ੍ਹਾਂ ਨੂੰ ਹੀ ਗੁਰੂ ਦੀ ਕਲਾ ਦੇ ਕੇ ਆਪ ਉਨ੍ਹਾਂ ਕੋਲੋਂ ਸਿਖਾਂ ਵਾਂਗ ਅੰਮ੍ਰਿਤ ਛਕਿਆ। ਅਤੇ ਖ਼ਾਲਸੇ ਨੂੰ "ਗੁਰੂ ਖ਼ਾਲਸਾ" ਕਿਹਾ। ਇਸੇ ਕਰਕੇ ਲਿਖਿਆ ਹੋਇਆ ਹੈ :—

ਵਾਹ ਵਾਹ ਗੋਬਿੰਦ ਸਿੰਘ, ਆਪੇ ਗੁਰ ਚੇਲਾ॥

ਗੁਰੂ ਰੂਪ ਖ਼ਾਲਸਾ ਜੀ! ਅਜ ਧਿਆਨ ਮਾਰੋ, ਆਪਣੇ ਆਲੇ-ਦੁਆਲੇ ਦੇਖੋ, ਆਪਣੇ ਘਰਾਂ ਵਿਚ ਵੇਖੋ ਕਿ ਸਾਡੀ ਸ਼ਕਲ-ਸੂਰਤ ਕੀ ਉਹੋ ਜਿਹੀ ਹੈ ਜਿਹੋ ਜਿਹੀ ਗੁਰੂ ਮਹਾਰਾਜ ਨੇ ਸਾਡੀ ਸ਼ਕਲ ਆਪਣੇ ਵਰਗੀ ਬਣਾਈ ਸੀ?

ਕੀ ਸਾਡੀ ਰਹਿਣੀ ਬਹਿਣੀ ਉਸੇ ਤਰ੍ਹਾਂ ਦੀ ਹੈ ਜਿਸ ਤਰ੍ਹਾਂ ਮਹਾਰਾਜ ਨੇ ਸਾਨੂੰ ਰਹਿਣੀ ਬਹਿਣੀ ਦਸੀ ਸੀ?

ਸਾਡੀ ਅੰਦਰਲੀ ਰਹਿਣੀ-ਬਹਿਣੀ (ਰਹਿਤ) ਬਾਰੇ ਤਾਂ ਸਾਨੂੰ ਆਪ ਹੀ ਪਤਾ ਹੈ ਕਿ ਅਸੀਂ ਕਿਤਨੇ ਕੁ ਸਚੇ-ਸੁਚੇ ਹਾਂ, ਕਿੰਨੀ ਕੁ ਨੇਕ ਕਮਾਈ ਕਰਦੇ ਹਾਂ, ਕਿਤਨੀ ਕੁ ਬਾਣੀ ਪੜ੍ਹਦੇ, ਸੁਣਦੇ ਤੇ ਅਮਲ ਕਰਦੇ ਹਾਂ। ਪਰ ਸਾਡੀ ਬਾਹਰਲੀ ਰਹਿਣੀ-ਬਹਿਣੀ (ਰਹਿਤ) ਤਾਂ ਦੁਨੀਆ ਦੇਖ ਰਹੀ ਹੈ।

ਲੋਕੀ ਧਿਆਨ ਨਾਲ ਦੇਖ ਰਹੇ ਹਨ ਕਿ ਸਾਡੇ ਵਿਚ ਕਿਤਨੇ ਜ਼ਿਆਦਾ ਐਸੇ ਲੋਕ ਪੈਦਾ ਹੋ ਗਏ ਹਨ? ਜੋ ਗੁਰੂ ਦੀ ਦਿਤੀ ਹੋਈ ਸ਼ਕਲ-ਸੂਰਤ ਨੂੰ ਖੁਲ੍ਹਮ-ਖੁਲ੍ਹਾ ਨਾਈਆ ਦੀਆਂ ਦੁਕਾਨਾ ਉਤੇ ਬੈਠ ਕੇ ਵਿਗਾੜ ਰਹੇ ਹਨ।

ਕਿਤਨੇ ਹੀ ਐਸੇ ਹਨ ਜੋ ਖੁਲ੍ਹਮ-ਖੁਲ੍ਹਾ ਸਿਗਰਟ, ਬੀੜੀਆਂ, ਜ਼ਰਦੇ-ਤੰਬਾਕੂ, ਸ਼ਰਾਬਾਂ ਆਦਿ ਨਸ਼ੇ ਬਜ਼ਾਰਾਂ ਵਿਚ ਪੀਂਦੇ ਫਿਰਦੇ ਹਨ? ਇਹੋ ਜਿਹੇ ਲੋਕ ਜਿਥੇ ਆਪਣੀ ਸਿਹਤ ਨੂੰ ਵਿਗਾੜ ਰਹੇ ਹਨ, ਉਥੇ ਸਾਰੀ ਸਿਖ ਕੌਮ ਨੂੰ ਬਦਨਾਮ ਵੀ ਕਰ ਰਹੇ ਹਨ?

ਕੀ ਇਨ੍ਹਾਂ ਨੂੰ ਕੋਈ ਪੁਛਣ ਵਾਲਾ ਨਹੀਂ?
ਕੀ ਇਨ੍ਹਾਂ ਨੂੰ ਕੋਈ ਰੋਕਣ ਵਾਲਾ ਨਹੀਂ?

[ਬਾਕੀ ਸਫ਼ਾ ੨੧ ਦੇ ਹੇਠ]



www.AKJ.Org

# ਕਮਾਲਿ ਕਰਾਮਾਤ

[ਵਲੋਂ—ਸ: ਕੁੰਭੇਰ ਸਿੰਘ ਜੀ, ਫ਼ੀਰੋਜ਼ਪੁਰ]

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜ਼ਫ਼ਰਨਾਮੇ ਦੇ ਅਰੰਭ ਵਿਚ ਹੀ ਲਿਖਦੇ ਹਨ :—

ਕਮਾਲਿ ਕਰਾਮਾਤ ਕਾਇਮ ਕਰੀਮ ।
ਰਜ਼ਾ ਬਖ਼ਸ਼ੋ ਰਾਜ਼ਿਕ ਰਿਹਾਕੁਨ ਰਹੀਮ ।

ਭਾਵ—ਉਹ ਵਾਹਿਗੁਰੂ ਪੂਰਨ ਸ਼ਕਤੀਆਂ ਵਾਲਾ,ਹਮੇਸ਼ਾ ਰਹਿਣ ਵਾਲਾ ਤੇ ਕਿਰਪਾਲੂ ਹੈ। ਭਾਣੇ ਦੀ ਦਾਤਿ ਬਖ਼ਸ਼ਣ ਵਾਲਾ, ਰਿਜ਼ਕ ਦੇਣ ਵਾਲਾ, ਛੁਟਕਾਰਾ ਕਰਨ ਵਾਲਾ, ਤੇ ਦਿਆਲੂ ਹੈ । ਕਮਾਲ ਦਾ ਅਰਥ ਹੈ ਸਿਖਰ, ਪੂਰਨ, ਤੇ 'ਕਰਾਮਾਤ' ਪਦ ਅਲੌਕਿਕ ਸ਼ਕਤੀਆਂ ਦਾ ਲਖਾਇਕ ਹੈ।

ਆਮ ਦੁਨੀਆ ਦੀ ਦ੍ਰਿਸ਼ਟੀ ਵਿਚ 'ਅਸੰਭਵ' ਨੂੰ ਸੰਭਵ ਕਰ ਦਿਖਾਣ ਵਾਲੇ ਆਤਮਿਕ ਚਮਤਕਾਰ ਨੂੰ ਕਰਾਮਾਤ ਕਿਹਾ ਜਾਂਦਾ ਹੈ। ਗੁਰਬਾਣੀ, ਭਾਈ ਗੁਰਦਾਸ ਜੀ ਦੀ ਬਾਣੀ ਅਤੇ ਸਿਖ ਇਤਿਹਾਸਾਂ ਵਿਚ ਕਈ ਥਾਈਂ ਅਲੌਕਿਕ ਕਰਾਮਾਤੀ ਚਮਤਕਾਰਾਂ ਦਾ ਜ਼ਿਕਰ ਕੀਤਾ ਗਿਆ ਹੈ।

ਪਰ ਅਜੋਕੇ ਕਈ ਸਿਖ ਲਿਖਾਰੀ ਅਜਿਹੇ ਸਹਿਜੇ ਹੀ ਵਾਪਰੇ ਕਰਾਮਾਤੀ ਚਮਤਕਾਰਾਂ ਨੂੰ ਮਨ-ਘੜਤ ਹੀ ਸਮਝਦੇ ਹਨ ਤੇ ਆਪਣੀਆਂ ਲਿਖਤਾਂ ਰਾਹੀਂ ਸਿਖ ਸੰਗਤਾਂ ਨੂੰ ਟਪਲੇ ਵਿਚ ਪਾਣ ਦਾ ਕਾਰਨ ਬਣਦੇ ਹਨ। ਇਸ ਤਰ੍ਹਾਂ ਕਰਕੇ ਉਹ ਆਪਣੇ ਵਲੋਂ ਤਾਂ ਸਿਖੀ ਪ੍ਰਚਾਰ ਕਰਨ ਦਾ ਦੰਮ ਭਰਦੇ ਹਨ, ਪਰ ਹੁੰਦਾ ਇਹ ਹੈ ਕਿ ਕਈ ਸ਼ਰਧਾਲੂ ਵੀਰ ਅਜਿਹੀਆਂ ਲਿਖਤਾਂ ਪੜ੍ਹ ਕੇ ਸ਼ੰਕਿਆਂ ਅਤੇ ਭਰਮਾਂ ਵਿਚ ਪੈ ਜਾਂਦੇ ਹਨ। ਖ਼ੈਰ ਇਸ ਵਿਸ਼ੇ ਤੇ ਤਾਂ ਦਾਸ ਕਦੇ ਫੇਰ ਖੁਲ੍ਹੀ ਵਿਚਾਰ ਕਰਨ ਦਾ ਸੰਕਲਪ ਕਰਦਾ ਹੈ । ਇਸ ਲੇਖ ਵਿਚ ਗੁਰੂ ਦਸਮੇਸ਼ ਜੀ ਵਲੋਂ ਇਕ ਖ਼ਾਸ ਤੇ ਅਨੋਖੀ ਕਰਾਮਾਤ ਜੋ ਦੁਨੀਆ ਨੂੰ ਦਿਖਾਈ ਗਈ, ਦਾਸ ਉਸ ਦਾ ਕੁਝ ਸੰਖੇਪ ਵਰਨਣ ਕਰਦਾ ਹੈ।

ਦਸਮ ਗੁਰੂ ਜੀ ਨੇ ਸੰਮਤ ੧੫੫੭ ਦੀ ਵਿਸਾਖੀ ਵਾਲੇ ਦਿਨ ਇਕ ਅਜਿਹੀ ਅਲੌਕਿਕ ਕਰਾਮਾਤ ਦਿਖਾਈ ਕਿ ਜਿਸ ਦੇ ਸਦਕਾ ਉਹਨਾਂ ਚਿੜੀਆਂ ਤੋਂ ਬਾਜ਼ ਤੁੜਵਾ ਦਿਤੇ, ਭੇਡਾਂ ਤੋਂ ਸ਼ੇਰ ਕੁਹਾ ਦਿਤੇ। ਉਹਨਾਂ ਕਿਹਾ ਸੀ—

ਇਨ ਚਿੜੀਅਨ ਤੇ ਬਾਜ਼ ਤੁੜਾਵੋਂ ।
ਅਜਾ ਸੁ ਤਨ ਤੈ ਸ਼ੇਰ ਕੁਹਾਵੋਂ ।
ਸਿਖਨ ਕੋ ਭੁਗਤੈਹੋਂ ਰਾਜ ।
ਤਬੈ ਸਦੈਹੁੰ ਗਰੀਬ ਨਿਵਾਜ ।

[ਪੰਥ ਪ੍ਰਕਾਸ਼, ਗਿ: ਗਿਆਨ ਸਿੰਘ

ਸੋ ਇਸ ਦਿਨ ਉਹਨਾਂ ਨੇ ਅਜਿਹੀ ਕਰਾਮਾਤ ਕਰ ਕੇ ਦਿਖਾਈ ਕਿ ਚਿੜੀਆਂ, ਭੇਡਾਂ ਅਤੇ ਬਕਰੀਆਂ ਵਾਂਗ ਡਰਪੋਕ ਅਤੇ ਕਾਇਰ ਹੋ ਚੁਕੇ ਭਾਰਤ ਵਾਸੀ, ਹੱਟੇ ਕੱਟੇ ਬਾਜ਼ਾਂ ਅਤੇ ਸ਼ੇਰਾਂ ਦੀ ਨਿਆਈਂ ਜੁੱਸੇ ਅਤੇ ਦਿਲ ਰਖਣ ਵਾਲੇ ਜ਼ਾਲਮ ਤੁਰਕਾਂ ਦਾ ਨਾਸ ਕਰਨ ਲਈ ਸਮਰੱਥ ਹੋ ਗਏ।

ਗੁਰੂ ਜੀ ਦੇ ਹਿਰਦੇ ਅੰਦਰ ਕਿਉਂਕਿ ਉਸ ਅਕਾਲ

---

[ਸਫ਼ਾ ੨੦ ਦੀ ਬਾਕੀ]

ਥੇ ਇਹੋ ਜਿਹੇ ਲੋਕ

ਜੋ ਆਪਣੇ ਆਪ ਨੂੰ ਗੁਰੂ ਕੇ ਸਿਖ ਅਖਵਾਉਂਦੇ ਹਨ, ਗੁਰੂ ਦੇ ਪਵਿਤਰ ਅਸਥਾਨਾਂ ਦੀ ਯਾਤਰਾ ਵੀ ਕਰਦੇ ਹਨ, ਦੇਗ ਵੀ ਕਰਾਉਂਦੇ ਹਨ, ਪਰ ਦਸੋ, ਇਨ੍ਹਾਂ ਕਰਮਾਂ ਦਾ ਕੀ ਲਾਭ ਜਦ ਕਿ ਸਤਿਗੁਰੂ ਜੀ ਵਲੋਂ ਬਿਵਰਜਿਤ ਕੁਕਰਮਾਂ ਨੂੰ ਨਹੀਂ ਛਡਦੇ ? ਗੁਰੂ ਸਾਹਿਬ ਨੇ ਸਾਫ਼ ਲਿਖਿਆ ਹੈ :—

ਰਹਿਤ ਪਿਆਰੀ ਮੋਹਿ ਕੋ, ਸਿਖ ਪਿਆਰਾ ਨਾਹਿ ॥

ਇਕ ਥਾਂ ਹੋਰ ਲਿਖਿਆ ਹੈ:—

ਰਹਿਣੀ ਰਹੇ ਸੋਈ ਸਿਖ ਮੇਰਾ।

ਸੋ ਆਓ ! ਇਸ ਹੋਲੇ ਮਹੱਲੇ ਦੇ ਤਿਉਹਾਰ ਉਤੇ ਹੀ ਆਪਣੀਆਂ ਗਲਤ ਗੱਲਾਂ ਵਿਚੋਂ ਇਕ ਦੋ ਗੱਲਾਂ ਹੀ ਛਡ ਦਈਏ। ਆਪਣੇ ਗੁਰੂ ਦੀ ਬਖ਼ਸ਼ੀ ਹੋਈ ਸਿਖੀ ਨੂੰ ਸਾਬਤ ਕਜਾਂ ਦਾਹੜੀਆਂ ਨਾਲ ਤੋੜ ਨਿਭਾਈਏ । ਮਨ੍ਹਾ ਕੀਤੇ ਨਸ਼ਿਆਂ ਦਾ ਤਿਆਗ ਕਰੀਏ। ਬਾਣੀ ਪੜ੍ਹੀਏ-ਸੁਣੀਏ ਅਤੇ ਅਮਲ ਕਰ ਕੇ ਆਪਣਾ ਕੀਮਤੀ ਜਨਮ ਸਫਲਾ ਕਰੀਏ।



www.AKJ.Org

ਪੁਰਖ "ਕਮਾਲਿ ਕਰਾਮਾਤ" ਦਾ ਪੂਰਨ ਪ੍ਰਕਾਸ਼ ਸੀ, ਉਹਨਾਂ ਵਿਚ ਵਾਹਿਗੁਰੂ ਆਪ ਵਰਤ ਰਿਹਾ ਸੀ, ਜਾਂ ਇਉਂ ਕਹਿ ਲਓ ਕਿ ਗੁਰੂ ਜੀ ਆਪ ਵਾਹਿਗੁਰੂ ਦਾ ਰੂਪ ਹੀ ਸਨ ਤਾਂ ਇਸ ਵਿਚ ਰੰਚਕ ਮਾਤ੍ਰ ਸੰਦੇਹ ਦੀ ਵੀ ਗੁੰਜਾਇਸ਼ ਨਹੀਂ। ਉਹ ਆਪ ਹੀ ਆਪਣੇ ਪੂਰਬ ਜਨਮ ਵਿਚ ਕੀਤੀ ਤਪੱਸਿਆ ਦਾ ਬਚਿਤ੍ਰ ਨਾਟਕ ਵਿਚ ਵਰਨਣ ਕਰਦਿਆਂ ਲਿਖਦੇ ਹਨ ਕਿ ਉਹ ਅਤੇ ਅਕਾਲ ਪੁਰਖ ਇਸ ਤਪੱਸਿਆ ਦੇ ਫਲ-ਸਰੂਪ ਇਕ-ਰੂਪ ਹੋ ਚੁਕੇ ਸਨ :—

ਇਹ ਬਿਧਿ ਕਰਤ ਤਪਸਯਾ ਭਯੋ।
ਦ੍ਵੈ ਤੇ ਏਕ ਰੂਪ ਹ੍ਵੈ ਗਯੋ।

ਇਸ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਆਪ ਕਮਾਲਿ ਕਰਾਮਾਤ ਸਨ। ਉਹਨਾਂ ਨੇ ਇਸ ਸੁਭਾਗੇ ਦਿਨ ਸਰਬ ਲੋਹ ਦੇ ਬਾਟੇ ਵਿਚ ਪਤਾਸਿਆਂ ਦੀ ਮਿਠਾਸ ਵਾਲੇ ਨਿਰਮਲ ਸੁਅੱਛ ਜਲ ਵਿਚ ਖੰਡਾ ਫੇਰਦਿਆਂ ਅਤੇ ਪੰਜਾਂ ਬਾਣੀਆਂ ਦਾ ਪਾਠ ਕਰਦਿਆਂ ਜੁਗਾਂ ਦੇ ਪਿਆਸੇ ਲੋਕਾਂ ਦੀ ਆਤਮਿਕ ਤ੍ਰਿਪਤੀ ਲਈ, ਅੰਮ੍ਰਿਤ ਤਿਆਰ ਕੀਤਾ। ਜਿਵੇਂ ਲਿਖਿਆ ਹੈ :—

ਬਾਣੀ ਪੜ੍ਹੀ ਗੁਰਾਂ ਫਿਰ ਜਾਨੋ।
ਜਪੁਜੀ ਜਾਪ ਚੌਪਈ ਪਛਾਨੋ।
ਪੜ੍ਹੇ ਸਵੱਯੇ ਅਨੰਦ ਜਾਨ।
ਕੀਤਾ ਅੰਮ੍ਰਿਤ ਤਿਆਰ ਮਹਾਨ।
ਆਤਮ ਦ੍ਰਿਸ਼ਟੀ ਜਿਸ ਵਿਚ ਭਰੀ।
ਸੂਰਬੀਰਤਾ ਅਰ ਸੰਗ ਕਰੀ।
ਇਹ ਅੰਮ੍ਰਿਤ ਮੁਰਦੇ ਜਵਾਏ।
ਤਤ ਦ੍ਰਿਸ਼ਟ ਤੇ ਜਾਇ ਪੁਚਾਏ।
ਦੇ ਖੰਡੇ ਦੀ ਪਾਹੁਲ ਤੇਜ ਬਢਾਇਆ।
ਜ਼ੋਰਾਵਰ ਕਰ ਸਿੰਘ ਹੁਕਮ ਵਰਤਾਇਆ।
(ਗੁਰ ਸੋਭਾ ਸਾਗਰ)

ਇਸ ਤਰ੍ਹਾਂ ਗੁਰੂ ਜੀ ਨੇ ਅੰਮ੍ਰਿਤ ਛਕਾ ਕੇ ਸੁਭਾਗੇ ਜੀਉੜਿਆਂ ਨੂੰ ਭਗਤੀ ਅਤੇ ਸ਼ਕਤੀ ਦੀ ਦਾਤ ਬਖ਼ਸ਼ ਕੇ ਦੇਸ਼ ਧਰਮ ਤੋਂ ਮਰ ਮਿਟਣ ਵਾਲੇ ਸੂਰਬੀਰ ਸੱਚੇ ਸਿੰਘ ਸਜਾਇਆ। ਇਹਨਾਂ ਅੰਮ੍ਰਿਤ-ਧਾਰੀਆਂ ਦੇ ਜੀਵਨ ਵਿਚ ਅਜਿਹਾ ਪਲਟਾ ਆਇਆ ਕਿ ਜਿਥੇ ਉਹ ਸ਼ਸਤਰਧਾਰੀ ਜੋਧੇ ਬਣ ਗਏ ਉਥੇ ਉਹ ਵਾਹਿਗੁਰੂ ਪ੍ਰੇਮ ਵਿਚ ਰੰਗ-ਰਤੜੇ ਨਾਮ-ਅਭਿਆਸੀ ਸਿਖ ਰਹਿਤ ਬਹਿਤ ਦੇ ਧਾਰਨੀ ਸਚੇ ਭਗਤ ਵੀ ਬਣ ਗਏ। ਅਜਿਹਾ ਅੰਮ੍ਰਿਤਧਾਰੀ ਸਿੰਘ ਸਵਾ ਸਵਾ ਲਖ ਵੈਰੀਆਂ ਨਾਲ ਇਕੱਲਾ ਹੀ ਜੂਝਣ ਨੂੰ ਤਿਆਰ ਹੋ ਜਾਂਦਾ ਸੀ। ਅਜਿਹੇ ਅੰਮ੍ਰਿਤ ਛੱਕਣ ਉਪ੍ਰੰਤ ਸਜੇ ਸਿੰਘ ਸਦਾ ਹੀ ਚੜ੍ਹਦੀ ਕਲਾ ਵਿਚ ਰਹਿੰਦੇ, ਚਾਹੇ ਕਿੰਨੀਆਂ ਵੀ ਮੁਸੀਬਤਾਂ ਕਿਉਂ ਨਾ ਹੋਣ ਉਹ ਢਹਿੰਦੀਆਂ ਕਲਾਂ ਵਿਚ ਨਹੀਂ ਸਨ ਜਾਂਦੇ। ਅਜਿਹੇ ਸਿੰਘਾਂ ਬਾਰੇ ਜਦੋਂ ਨਾਦਰ ਸ਼ਾਹ ਨੇ ਲਾਹੌਰ ਦੇ ਸੂਬੇ ਜ਼ਕਰੀਆ ਖ਼ਾਨ ਤੋਂ ਪੁਛਿਆ ਸੀ ਤਾਂ ਉਹਨੇ ਸਿੰਘਾਂ ਦੇ ਜੀਵਨ ਬਾਰੇ ਦਸਦਿਆਂ ਹੋਇਆਂ ਕਿਹਾ ਸੀ —

ਸਵਾ ਲਾਖ ਕਹਿ ਏਕ ਜਨੇ ਕੋ।
ਪਾਂਚ ਲਾਖ ਕਹਿ ਪਾਂਚ ਤਨੇ ਕੋ।
ਮਾਨਤ ਸੁਖ ਦੁਖ ਆਇ ਬਨੇ ਕੋ।
ਪੀਲੂੰ ਦਾਖ, ਬਦਾਮ ਚਨੇ ਕੋ। (ਪੰਥ ਪ੍ਰਕਾਸ਼)

ਅਤੇ ਉਸ ਨੇ ਨਾਦਰ ਸ਼ਾਹ ਨੂੰ ਇਹ ਵੀ ਦਸਿਆ ਕਿ—

ਮੁਰਸ਼ਦ ਇਨ ਕਾ ਵਲੀ ਭਯੋ ਹੈ। ਇਨ ਕੋ ਆਬ ਹਯਾਤ ਦਯੋ ਹੈ। ਗ਼ਜ਼ਬ ਅਸਰ ਤਿਸ ਕਾ ਹਮ ਦੇਖਾ। ਬੁਜ਼ਦਿਲ ਹੋਵਤ ਸ਼ੇਰ ਬਿਸੇਖਾ। (ਪੰਥ ਪ੍ਰਕਾਸ਼)

ਸੋ ਇਹ ਦਸਮੇਸ਼ ਜੀ ਦੇ ਆਬ ਹਯਾਤ (ਅੰਮ੍ਰਿਤ) ਦੀ ਕਰਾਮਾਤ ਸੀ ਕਿ ਬੁਜ਼ਦਿਲ ਬਹਾਦਰ ਬਣ ਗਏ ਤੇ ਕਾਇਰ ਕਿਹਰ (ਸਿੰਘ, ਸ਼ੇਰ) ਬਣ ਗਏ। ਭਾਵ ਇਹ ਕਿ ਅੰਮ੍ਰਿਤ ਛਕਣ ਉਪ੍ਰੰਤ ਉਹਨਾਂ ਵਿਚ ਸ਼ੇਰਾਂ ਵਰਗੀ ਸ਼ਕਤੀ ਅਤੇ ਦਲੇਰੀ ਪੈਦਾ ਹੋ ਗਈ। ਜਿਸ ਦੇ ਤੁਫ਼ੈਲ ਬਦੇਸ਼ੀ ਜਰਵਾਣਿਆਂ ਦੀ ਸਦੀਆਂ ਤੋਂ ਚਲੀ ਆ ਰਹੀ ਹਕੂਮਤ ਦਾ ਖ਼ਾਤਮਾ ਹੋ ਗਿਆ ਅਤੇ ਇਕ ਵਿਸ਼ਾਲ ਸਿਖ ਰਾਜ ਕਾਇਮ ਹੋ ਗਿਆ। ਅਤੇ ਚਿਰਾਂ ਤੋਂ ਦੁਖ ਭੋਗਦੀ ਹੋਈ ਜਨਤਾ ਨੂੰ ਸੁਖ ਦਾ ਸਾਹ ਆਇਆ।

ਤਾਂ ਤੇ ਹਰ ਇਕ ਸਿਖ ਮਾਈ ਭਾਈ ਦਾ ਫ਼ਰਜ਼ ਹੈ ਕਿ ਉਹ ਅੰਮ੍ਰਿਤ ਛਕੇ ਅਤੇ ਰਹਿਤ ਬਹਿਤ ਵਿਚ ਰਹਿੰਦਿਆਂ ਹੋਇਆਂ ਸਦੈਵੀ ਸੁਖ ਅਤੇ ਅਮਰ ਪਦਵੀ ਨੂੰ ਪ੍ਰਾਪਤ ਕਰੇ।

ਪੀਓ ਪਾਹੁਲ ਖੰਡੇ ਧਾਰ ਹੁਇ ਜਨਮ ਸੁਹੇਲਾ।
[ਵਾਰ ੪੧, ਭਾ: ਗੁਰਦਾਸ ਜੀ

ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ, ਹਰਿ ਸਿਮਰਤ ਅਨਦ ਅਨੰਤਾ ॥ ਰੰਗ ਤਮਾਸਾ ਪੂਰਨ ਆਸਾ, ਕਬਹਿ ਨ ਬਿਆਪੈ ਚਿੰਤਾ ॥
[ਪੰ: ੪੯੬, ਗੂਜਰੀ ਮਹਲਾ ੫

ਸੋ ਆਖੋ ! ਧੰਨ ਗੁਰੂ ਗੋਬਿੰਦ ਸਿੰਘ ਜੀ ਕਮਾਲਿ ਕਰਾਮਾਤ।

www.AKJ.Org

# ਗੁਰਬਾਣੀ ਦਾ ਸ਼ੁੱਧ ਉਚਾਰਨ

[ਵਲੋਂ—ਡਾ: ਰਾਜਿੰਦਰ ਸਿੰਘ ਜੀ, ਐਮ.ਬੀ.ਬੀ.ਐਸ.]

ਪਛਮੀ ਦੁਨੀਆ ਦਾ ਪਰਸਿੱਧ ਵਿਦਵਾਨ 'ਆਰਨਲਡ ਟਾਇਨਬੀ' ਆਪਣੀ ਪੁਸਤਕ "ਇਤਿਹਾਸਕਾਰ ਦੇ ਦ੍ਰਿਸ਼ਟੀਕੋਣ ਤੋਂ ਧਰਮ" ਵਿਚ ਵਿਚਾਰ ਪ੍ਰਗਟਾਉਂਦਾ ਹੈ ਕਿ ਸਰਬ ਜਗਤ ਦੀ ਸਾਂਝੀਵਾਲਤਾ ਦਾ ਧਰਮ ਰਸਮੀ ਕਰਮ ਕਾਂਡਾਂ ਤੋਂ ਦੂਰ, ਸੇਵਾ ਅਤੇ ਸ਼ਬਦ ਤੇ ਅਧਾਰਿਤ ਧਰਮ ਹੋਵੇਗਾ ਅਤੇ ਏਸ ਤਰ੍ਹਾਂ ਦਾ ਧਰਮ ਉਸਨੂੰ ਦਿਸਿਆ ਹੈ ਤਾਂ ਈਸਾਈ ਧਰਮ ਜਾਂ ਸਿਖ ਧਰਮ; ਜਿਨ੍ਹਾਂ ਵਿਚੋਂ ਉਹ ਈਸਾਈਅਤ ਨੂੰ ਸੇਵਾ ਅਤੇ ਸਿਖ ਧਰਮ ਨੂੰ ਸ਼ਬਦ ਤੇ ਅਧਾਰਿਤ ਮੰਨਦਾ ਹੈ । ਭਾਵੇਂ ਸਿਖ ਧਰਮ ਈਸਾਈਅਤ ਦੇ ਮੁਕਾਬਲੇ ਕਿਵੇਂ ਵੀ ਸੇਵਾ ਦੇ ਖੇਤਰ ਵਿਚ ਘਟ ਨਹੀਂ, ਪਰ ਅਸਲ ਅਧਾਰ ਸ਼ਬਦ ਦਾ ਹੀ ਮੰਨਿਆ ਗਿਆ ਹੈ ਅਤੇ "ਨਾਮੁ ਹਮਾਰੇ ਗੁਰ ਕੀ ਸੇਵ" (ਪੰਨਾ ੧੧੪੫) ਕਹਿ ਕੇ ਨਾਮ ਜਾਂ ਸ਼ਬਦ ਨੂੰ ਹੀ ਅਸਲ ਸੇਵਾ ਦ੍ਰਿੜ੍ਹਾਇਆ ਗਿਆ, ਅਤੇ ਇਉਂ ਸ਼ਬਦ ਦੀ ਪ੍ਰਮੁਖਤਾ ਸਥਾਪਿਤ ਕੀਤੀ ਗਈ ।

ਸਿਖ ਵਾਸਤੇ ਸ਼ਬਦ ਹੀ ਗੁਰੂ ਹੈ, ਸਰੀਰ ਗੁਰੂ ਨਹੀਂ । ਇਸੇ ਲਈ ਸਿਖੀ ਦੇ ਮੁਢਲੇ ਦਿਨਾਂ ਤੋਂ ਹੀ ਸ਼ਬਦ ਤੇ ਜ਼ੋਰ ਦਿਤਾ ਜਾ ਰਿਹਾ ਹੈ । ਜਦੋਂ ਪਹਿਲੀ ਪਾਤਿਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਿੱਧਾਂ ਨੇ ਪੁਛਿਆ ਕਿ "ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ" (ਸਿਧ ਗੋਸਟਿ) ਤਾਂ ਗੁਰੂ ਜੀ ਦਾ ਜਵਾਬ ਸੀ "ਸਬਦੁ ਗੁਰੂ ਸੁਰਤਿ ਧੁਨਿ ਚੇਲਾ" । ਇਸਦੇ ਨਾਲ ਹੀ ਗੁਰੂ ਨਾਨਕ ਸਾਹਿਬ ਵਲੋਂ ਸ੍ਰੀ ਭਾਈ ਲਹਿਣਾ ਜੀ ਨੂੰ ਗੁਰੂ-ਗੱਦੀ ਸੌਂਪਣ ਦੀ ਘਟਨਾ ਬਾਰੇ ਸ੍ਰੀ ਮਿਹਰਬਾਨ ਜੀ ਦੀ ਜਨਮ ਸਾਖੀ ਵਿਚ ਲਿਖੇ ਸ਼ਬਦ "ਤਬ ਗੁਰ ਬਾਬਾ ਨਾਨਕ ਜੀ ਗੁਰੂ ਅੰਗਦ ਕਉ 'ਸ਼ਬਦ' ਦੀ ਥਾਪਣਾ ਦੇ ਕਰ ਸੰਮਤ ੧੫੯੫ ਅਸੂ ਵਦੀ ੧੦ ਦਸਮੀ ਕੋ ਸਚਖੰਡ ਸਿਧਾਰੇ" ਧਿਆਨ ਗੋਚਰੇ ਕਰਨ ਵਾਲੇ ਹਨ ।

ਏਸ ਤੋਂ ਬਾਅਦ ਫਿਰ ਪੰਜਵੇਂ ਪਾਤਸ਼ਾਹ ਜੀ ਨੇ ਪੋਥੀ (ਜੋ ਕਿ ਸ਼ਬਦ ਦਾ ਹੀ ਸੰਗ੍ਰਹਿ ਸੀ) ਪਰਮੇਸ਼ਰ ਕਾ ਥਾਨੁ ਅਤੇ "ਬਾਣੀ ਗੁਰੂ ਗੁਰੂ ਹੈ ਬਾਣੀ" ਕਹਿ ਕੇ ਏਸੇ ਵਿਚਾਰ ਦੀ ਪ੍ਰੋੜ੍ਹਤਾ ਕੀਤੀ ਕਿ ਗੁਰਸਿਖੀ ਵਿਚ ਸ਼ਬਦ ਹੀ ਪ੍ਰਵਾਨ ਤੇ ਪ੍ਰਧਾਨ ਹੈ । ਇਥੇ ਹੀ ਬਸ ਨਹੀਂ "ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਉ ਗ੍ਰੰਥ" ਅਤੇ ਪੁਨਾ ਫੇਰ "ਗੁਰੂ ਗ੍ਰੰਥ ਜੀ ਮਾਨਿਉ ਪ੍ਰਗਟ ਗੁਰਾਂ ਦੀ ਦੇਹ" ਵਾਲੇ ਗੁਰੂ ਜੀ ਦੇ ਕਹੇ ਜਾਂਦੇ ਹੁਕਮਾਂ ਰਾਹੀਂ ਉਨ੍ਹਾਂ ਨੇ ਆਪਣੇ ਸਿਖਾਂ ਨੂੰ ਸ਼ਖਸੀ ਪੂਜਾ ਤੋਂ ਹਟਾ ਕੇ ਸ਼ਬਦ ਦੇ ਲੜ ਲਾ ਦਿਤਾ ।

ਤਾਂ ਤੇ ਸਿਧ ਹੋਇਆ ਕਿ ਸ਼ਬਦ ਹੀ ਸ੍ਰੇਸ਼ਟ ਹੈ । ਸ੍ਰੇਸ਼ਟ ਹੀ ਨਹੀਂ, ਗੁਰੂ ਹੈ । ਗੁਰੂ ਵੀ ਉਹ ਜਿਹੜਾ "ਸਤਿਗੁਰੁ ਮੇਰਾ ਸਦਾ ਸਦਾ, ਨਾ ਆਵੈ ਨਾ ਜਾਇ ॥ ਓਹੁ ਅਬਿਨਾਸੀ ਪੁਰਖੁ ਹੈ, ਸਭ ਮਹਿ ਰਹਿਆ ਸਮਾਇ ॥" (ਪੰਨਾ ੭੫੯) ਅਤੇ ਏਸ ਸ਼ਬਦ ਦੇ ਆਸਰੇ ਹੀ, ਸੁਰਤ ਨੂੰ ਸ਼ਬਦ ਨਾਲ ਜੋੜ ਕੇ, ਸ਼ਬਦ ਦਾ ਵੀਚਾਰ ਕਰ ਕੇ ਹੀ ਅਸਾਂ ਸੰਸਾਰੀ ਜੀਵਾਂ ਨੇ ਸੰਸਾਰ-ਭਵਜਲ ਤੋਂ ਪਾਰ ਉਤਰਨ ਦਾ ਉਪਰਾਲਾ ਕਰਨਾ ਹੈ ।

ਤੀਜੇ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਦੇ ਪਵਿੱਤਰ ਹੁਕਮ—ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥ ਡਿਠੈ ਮੁਕਤਿ ਨ ਹੋਵਈ, ਜਿਚਰੁ ਸਬਦਿ ਨ ਕਰੇ ਬੀਚਾਰੁ ॥ (੫੯੪)—ਅਨੁਸਾਰ ਗੁਰਬਾਣੀ ਦਾ ਵੀਚਾਰ ਹੀ ਅਸਲ ਤੱਤ ਹੈ ਅਤੇ ਸਤਿਗੁਰੂ ਜੀ ਤੇ ਅਕਾਲ ਪੁਰਖ ਨਾਲ ਇਕ-ਮਿਕ ਹੋ ਕੇ ਮੁਕਤ ਹੋਣ ਦਾ ਇਕੋ-ਇਕ ਰਾਹ ਹੈ । ਭਾਵੇਂ "ਸਤਿਗੁਰ ਬਚਨ ਕਮਾਵਣੇ ਸਚਾ ਏਹੁ ਬੀਚਾਰੁ" (੫੨)—ਅਨੁਸਾਰ ਆਪਣੇ ਜੀਵਨ ਨੂੰ ਢਾਲਣਾ ਹੀ ਸਚਾ ਵੀਚਾਰ ਹੈ, ਪਰ ਬਚਨ ਕਮਾਵਣ ਹਿਤ ਵੀ ਗੁਰਬਾਣੀ ਦਾ ਪਠਨ ਪਾਠਨ ਅਤੇ ਉਚਾਰਨ ਕਰਨਾ ਹੀ ਪਵੇਗਾ । ਫੇਰ "ਗੁਰਬਾਣੀ ਗਾਵਹ ਭਾਈ" (੬੨੮) "ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ, ਗਾਵਹ ਸਚੀ ਬਾਣੀ" (੯੨੦) "ਐਸਾ ਕੀਰਤਨੁ ਕਰਿ ਮਨ ਮੇਰੇ" (੨੩੬) ਆਦਿਕ ਹੁਕਮਾਂ ਅਧੀਨ ਵੀ ਸਰਬਤ ਨੂੰ ਗੁਰਬਾਣੀ ਦਾ ਉਚਾਰਨ ਕਰਨਾ ਹੀ ਪਵੇਗਾ । ਅਤੇ ਜੇ ਗੁਰਬਾਣੀ ਦਾ ਉਚਾਰਨ ਕਰਨਾ ਹੀ ਹੈ ਤਾਂ ਜ਼ਰੂਰੀ ਹੈ ਕਿ ਉਚਾਰਨ ਸਹੀ ਅਤੇ ਸ਼ੁਧ ਕੀਤਾ ਜਾਏ । ਬਿਨਾਂ ਸਹੀ ਉਚਾਰਨ ਦੇ ਸਹੀ



www.AKJ.Org

ਵਿਚਾਰ ਹੋ ਹੀ ਨਹੀਂ ਸਕਦੀ, ਕਿਉਂਕਿ ਭਾਵਾਂ ਦਾ ਸੰਸਾਰ ਉਚਾਰਨ ਦੀ ਕੁਖ ਤੋਂ ਹੀ ਪੈਦਾ ਹੁੰਦਾ ਹੈ।

**ਬਾਣੀ ਅਗੰਮ ਹੈ,** ਅਗਾਧ ਬੋਧ ਹੈ, ਇਸਦਾ ਅੰਤ ਨਹੀਂ ਪਾਇਆ ਜਾ ਸਕਦਾ। ਪਰ ਫੇਰ ਵੀ ਬਾਣੀ ਬੇਨਿਯਮੀ ਨਹੀਂ ਹੈ। ਬਾਣੀ ਵਿਚ ਆਏ ਹਰ ਲਫ਼ਜ਼ ਦਾ, ਹਰ ਨੁਕਤੇ ਦਾ, ਸਿਹਾਰੀ ਤੇ ਬਿਹਾਰੀ ਦਾ ਇਕ ਖ਼ਾਸ ਮਹੱਤਵ ਹੈ। ਲਗਾਂ ਮਾਤਰਾਂ ਔਂਕੜ ਅਤੇ ਦੁਲੈਂਕੜ ਆਦਿ ਕਿਸੇ ਖ਼ਾਸ ਵਿਆਕਰਣੀ ਨਿਯਮ ਹੇਠਾਂ ਹੀ ਵਰਤੇ ਗਏ ਹਨ। ਇਹਨਾਂ ਮਾਤਰਾਂ ਦੀ ਗ਼ਲਤ ਵਰਤੋਂ ਨਾਲ ਕਿਵੇਂ ਅਰਥਾਂ ਦੇ ਅਨਰਥ ਹੋ ਜਾਂਦੇ ਹਨ, ਹੇਠ ਲਿਖੇ ਪ੍ਰਸੰਗ ਤੋਂ ਪਾਠਕ ਸਜਣ ਅੰਦਾਜ਼ਾ ਲਾ ਸਕਦੇ ਹਨ—

ਇਤਿਹਾਸ ਵਿਚ ਲਿਖਿਆ ਹੈ ਕਿ ਦਸਵੇਂ ਪਾਤਸ਼ਾਹ ਜੀ ਦੇ ਦਰਬਾਰ ਜਦੋਂ ਇਕ ਸਿਖ ਨੇ ਦਖਣੀ ਓਅੰਕਾਰੁ ਦੇ ਪਾਠ ਵਿਚ "ਕਰਤੇ ਕੀ ਮਿਤਿ ਕਰਤਾ ਜਾਣੈ, ਕੈ ਜਾਣੈ ਗੁਰੁ ਸੂਰਾ" (੯੩੦) ਦੇ ਥਾਂ "ਕੇ ਜਾਣੈ ਗੁਰੁ ਸੂਰਾ" ਪੜ੍ਹਿਆ ਤਾਂ ਗੁਰੂ ਜੀ ਨੇ ਅਸ਼ੁੱਧ ਪਾਠ ਕਾਰਨ ਸਿਖ ਨੂੰ ਚਪੇੜ ਲਗਾਣ ਦਾ ਹੁਕਮ ਦਿਤਾ ਸੀ। ਕਿਉਂਕਿ ਇਸ ਨਾਲ ਤਾਂ ਬਿਲਕੁਲ ਉਲਟ ਭਾਵ ਨਿਕਲਦਾ ਸੀ। 'ਕੇ ਜਾਣੈ ਗੁਰੁ ਸੂਰਾ' ਦੇ ਅਰਥ ਹਨ ਕੀ ਜਾਣਦਾ ਹੈ ਸੂਰਾ ਗੁਰੂ, ਭਾਵ ਕੁਝ ਨਹੀਂ ਜਾਣਦਾ; ਜਦਕਿ 'ਕੈ ਜਾਣੈ ਗੁਰੁ ਸੂਰਾ' ਨਾਲ ਪੂਰੀ ਤੁਕ ਦੇ ਅਰਥ ਬਣਦੇ ਹਨ ਕਿ ਕਰਤੇ ਦੀ ਮਿਤਿ ਕਰਤਾ ਜਾਣਦਾ ਹੈ ਜਾਂ (ਕੈ) ਸੂਰਾ ਗੁਰੂ ਜਾਣਦਾ ਹੈ।

ਗੁਰਬਾਣੀ ਦੇ ਸ਼ੁਧ ਪਾਠ ਦੀ ਮਹਿਮਾ ਛੇਵੇਂ ਸਤਿਗੁਰ ਜੀ ਦੀ ਉਸ ਸਾਖੀ ਤੋਂ ਵੀ ਪਤਾ ਲਗਦੀ ਹੈ ਜਿਸ ਵਿਚ ਲਿਖਿਆ ਹੈ ਕਿ ਇਕ ਸਿਖ ਦੇ ਜਪੁਜੀ ਸਾਹਿਬ ਦੇ ਸ਼ੁੱਧ ਪਾਠ ਲਈ ਗੁਰੂ ਜੀ ਗੁਰੂ-ਗੱਦੀ ਦੇਣ ਦੀ ਵਿਚਾਰ ਬੈਠੇ ਬੈਠੇ ਸਨ, ਪਰ ਸਿਖ ਦੇ ਮਨ ਵਿਚ ਘੋੜੇ ਲਈ ਕਾਮਨਾ ਜਾਗਣ ਤੇ ਸਭ ਤੋਂ ਵਧੀਆ ਘੋੜਾ ਬਖ਼ਸ਼ ਦਿਤਾ। ਇਸ ਤੋਂ ਇਲਾਵਾ ਵੀ ਸਿਖਾਂ ਨੂੰ ਸ਼ੁੱਧ ਗੁਰਬਾਣੀ ਉਚਾਰਨ ਦੇ ਗੁਰੂ ਜੀ ਦੇ ਹੁਕਮਨਾਮੇ ਹਨ, ਜਿਵੇਂ ਕਿ ਗੁਰ ਪ੍ਰਤਾਪ ਸੂਰਜ ਵਿਚ ਲਿਖਿਆ ਹੈ —

ਸਿਖਹੁ ਸੁਣਹੁ ਸਿਖ ਇਹੁ ਮੇਰੀ ॥
ਬਾਣੀ ਪਢਹੁ ਸੁਧ ਗੁਰ ਕੇਰੀ ॥

ਦਸਿਆ ਜਾਂਦਾ ਹੈ ਕਿ ਅੱਜ ਤੋਂ ਇਕ ਜਾਂ ਡੇਢ ਸਦੀ ਪਹਿਲਾਂ ਗੁਰਬਾਣੀ ਦੇ ਭੌਰੇ ਪੁਰਾਤਨ ਗੁਰਸਿਖ, ਜਿਨ੍ਹਾਂ ਨੂੰ ਗੁਰਬਾਣੀ ਨਾਲ ਅਤਿ ਪਿਆਰ ਹੁੰਦਾ ਸੀ, ਗੁਰਬਾਣੀ ਦੀਆਂ ਪੋਥੀਆਂ ਹਥੀਂ ਲਿਖਦੇ, ਕੰਠ ਕਰਦੇ ਅਤੇ ਪਾਠਾਂ ਦੀ ਸੁਧਾਈ ਕਰਦੇ ਹੀ ਰਹਿੰਦੇ ਸਨ, ਪਰ ਅਜ ਦੇ ਸਮੇਂ ਵਿਚ ਅਜਿਹੇ ਗੁਰਮੁਖ ਪਿਆਰੇ ਬੜੀ ਘਟ ਗਿਣਤੀ ਵਿਚ ਵਿਰਲੇ ਵਿਰਲੇ ਹੀ ਨਜ਼ਰ ਆਉਂਦੇ ਹਨ। ਇਥੇ ਹੀ ਬਸ ਨਹੀਂ, ਕੁਝ ਇਕ ਨੂੰ ਛਡ ਕੇ ਅਜ ਦੇ ਯੁਗ ਦੇ ਬਹੁਗਿਣਤੀ ਦੇ ਨਿਤਨੇਮੀ, ਗਿਆਨੀ ਕਥਾ-ਵਾਚਕ ਅਤੇ ਯੂਨੀਵਰਸਿਟੀਆਂ ਤੋਂ ਪੰਜਾਬੀ ਵਿਚ Certified ਗ੍ਰੈਜੂਏਟ (ਸਨਦ-ਯਾਫ਼ਤਾ ਵਿਅਕਤੀ) ਆਪਣੀ ਅਨ-ਗਹਿਲਤਾ ਅਤੇ ਲਗਾਂ-ਮਾਤਰਾਂ ਦੇ ਮਹੱਤਵ ਨੂੰ ਨਾ ਸਮਝਣ ਦੀ ਅਗਿਆਨਤਾ ਕਾਰਨ ਇਕ ਸ਼ਬਦ ਵੀ ਪੂਰਾ ਪੂਰਾ ਲਗਾਂ-ਮਾਤ੍ਰਾਂ ਸਹਿਤ ਸ਼ੁਧ ਨਹੀਂ ਲਿਖ ਸਕਦੇ। ਹੋਰ ਤਾਂ ਹੋਰ ੧੯੫੦-੫੫ ਵਿਚ ਛਪੀ ਪੰਥ ਪ੍ਰਸਿਧ ਪੁਸਤਕ "ਗੁਰਮਤਿ ਪ੍ਰਭਾਕਰ" ਨੂੰ ਛਾਪਣਹਾਰਿਆਂ ਨੇ ਲਗਾਂ ਮਾਤ੍ਰਾਂ ਮੂਲੋਂ ਹੀ ਉਡਾ ਦਿਤੀਆਂ।

ਸੋ ਇਸ ਗੱਲ ਨੂੰ ਸਨਮੁਖ ਰਖਦੇ ਹੋਏ ਕਿ 'ਬਾਣੀ' ਸਾਡਾ 'ਗੁਰੂ' ਹੈ, ਗੁਰੂ ਹੁਕਮਾਂ ਅਨੁਸਾਰ ਉਸ ਨੂੰ ਸਹੀ ਪੜ੍ਹਨ ਅਤੇ ਵੀਚਾਰਨ ਦੀ ਖ਼ਾਸ ਲੋੜ ਹੈ। ਪਰ ਏਸ ਪਾਸੇ ਵਲ ਸਾਡਾ ਧਿਆਨ 'ਨਹੀਂ' ਦੇ ਬਰਾਬਰ ਹੈ। ਇਹ ਠੀਕ ਹੈ ਕਿ ਥਾਂ ਥਾਂ ਤੇ ਵਖ ਵਖ ਵਿਦਵਾਨਾਂ ਨੇ ਸਚੇ ਪਾਤਸ਼ਾਹ ਜੀ ਵਲੋਂ ਬਖ਼ਸ਼ੀ ਬੁਧੀ ਅਤੇ ਅਨੁਭਵ ਦੇ ਅਧਾਰ ਤੇ ਵਖ ਵਖ ਵਿਚਾਰ ਪ੍ਰਗਟਾਏ ਹਨ, ਖ਼ਾਸ ਕਰ ਕੇ ਨੁਕਤਾ (ਬਿੰਦੀ) ਲਾਣ ਜਾਂ ਨਾ ਲਾਣ, ਸ਼ਬਦ ਜੋੜਾਂ ਬਾਰੇ ਅਤੇ ਉਚਾਰਨਾਂ ਬਾਰੇ ਕਾਫ਼ੀ ਮਤਭੇਦ ਹਨ. ਪਰ ਫੇਰ ਵੀ ਕੁਝ ਨੁਕਤੇ ਜਿਵੇਂ ਕਿ ਸਿਹਾਰੀ ਅਤੇ ਬਿਹਾਰੀ ਦੀ ਸ਼ੁਧ ਵਰਤੋਂ (ਉਦਾਹਰਣ ਵਜੋਂ 'ਸੁਣਿਐ ਸਿਧ ਪੀਰ ਸੁਰਿ ਨਾਥ' ਵਿਚ 'ਸੁਣੀਐ' ਨਹੀਂ 'ਸੁਣਿਐ' ਹੈ)। ਇਕ ਲਾਂ ਅਤੇ ਦੁਲਾਵਾਂ ਆਦਿਕ ਵਾਲੇ ਅਨੇਕਾਂ ਐਸੇ ਲਫ਼ਜ਼ ਹਨ ਜਿਨ੍ਹਾਂ ਬਾਰੇ ਨਾ ਤਾਂ ਕੋਈ ਸ਼ੰਕਾ ਹੈ ਅਤੇ ਨਾ ਹੀ ਕੋਈ ਔਖਿਆਈ (ਜ਼ਿਆਦਾ ਉਦਾਹਰਣਾਂ ਲਈ ਪਾਠਕ ਜਨ ਪੰਚ-ਸ਼ਬਦੀ ਆਸਾ ਦੀ ਵਾਰ ਦੇ ੯੮ ਪੰਨੇ ਤੋਂ ੧੦੨ ਪੰਨੇ ਤਕ ਪੜ੍ਹਨ ਦੀ ਖੇਚਲ ਕਰਨ)। ਲੋੜ ਹੈ ਤਾਂ ਕੇਵਲ ਥੋੜੇ ਜਿਹੇ



www.AKJ.Org

ਗਹੁ ਨਾਲ ਵਿਚਾਰ ਕੇ ਪੜ੍ਹਨ ਦੀ। ਗਿਆਤ ਹੋਣਾ ਚਾਹੀਦਾ ਹੈ ਕਿ ਜਪੁਜੀ ਅਤੇ ਰਹਿਰਾਸ ਸਾਹਿਬ ਵਿਚ ਸੋਦਰ ਦੀ ਪਉੜੀ ਵਿਚ ਹੀ ੫੦ ਦੇ ਕਰੀਬ ਭੇਦ ਹਨ, ਜੋ ਕਿਤੇ ਵਖਰੇ ਲੇਖ ਵਿਚ ਦਿਤੇ ਜਾਣਗੇ।

ਗੁਰਬਾਣੀ ਵਿਆਕਰਣ ਅਨੁਸਾਰ ਸ਼ੁੱਧ ਅਰਥ ਤਾਂ ਇਕ ਵੱਡੀ ਸਮੱਸਿਆ ਹੈ, ਪਰ ਉਸ ਤੋਂ ਪਹਿਲਾਂ ਸ਼ੁੱਧ ਪਾਠ ਦੀ ਸਮੱਸਿਆ ਆਉਂਦੀ ਹੈ। ਪਾਠਾਂ ਦੇ ਉਚਾਰਨਾਂ ਅਤੇ ਸ਼ਬਦ-ਜੋੜਾਂ ਦੇ ਮਤਭੇਦਾਂ ਨੂੰ ਸਮੁਚੇ ਰੂਪ ਵਿਚ ਪੰਥਕ ਪਧਰ ਤੇ ਹੀ ਦੂਰ ਕੀਤਾ ਜਾ ਸਕਦਾ ਹੈ ਅਤੇ ਇਸ ਲਈ ਵੀ ਵਿਦਵਾਨਾਂ, ਨਾਮ ਕਮਾਈ ਵਾਲੇ ਗੁਰਮੁਖ ਪਿਆਰਿਆਂ, ਗੁਰਬਾਣੀ ਟਕਸਾਲਾਂ ਦੇ ਸੰਤਾਂ, ਨਿਰਮਲ ਅਖਾੜੇ ਵਾਲੇ ਸਜਣਾਂ ਅਤੇ ਹੋਰ ਭਾਸ਼ਾਵਾਂ ਜਿਹਾ ਕਿ ਹਿੰਦੀ ਸੰਸਕ੍ਰਿਤ ਆਦਿ ਦੇ ਵਿਆਕਰਣ ਦੇ ਜਾਣਕਾਰਾਂ ਦਾ ਸਹਿਯੋਗ ਲੋੜ ਪਏਗਾ।

ਆਸ ਅਤੇ ਅਰਦਾਸ ਕਰਦੇ ਹਾਂ ਕਿ ਸਚੇ ਪਾਤਸ਼ਾਹ ਜੀ ਆਪ ਤ੍ਰੁਠ ਕੇ ਏਸ ਕਾਰਜ ਨੂੰ ਸਿਰੇ ਚੜ੍ਹਾਣਗੇ ਅਤੇ ਆਪਣਿਆਂ ਸੇਵਕਾਂ ਕੋਲੋਂ ਸੇਵਾ ਲੈਣਗੇ।

★

# ਸ੍ਰੀ ਹਰਿਕ੍ਰਿਸ਼ਨ ਧਿਆਈਐ, ਜਿਸ ਡਿਠੇ ਸਭਿ ਦੁਖਿ ਜਾਇ

'ਅਜੀਤ' ਜਲੰਧਰ ੬ ਮਾਰਚ ੧੯੭੫ ਵਿਚ ਇਕ ਖ਼ਬਰ ਛਪੀ ਹੈ, ਜਿਸ ਵਿਚ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪਵਿਤਰ ਅਸਥਾਨ ਗੁਰਦਵਾਰਾ ਬੰਗਲਾ ਸਾਹਿਬ ਨਵੀਂ ਦਿਲੀ ਵਿਖੇ ਜ਼ਾਹਰਾ ਕਲਾ ਵਰਤਣ ਦਾ ਵਰਨਣ ਹੈ, ਜਿਸ ਨੂੰ ਪੜ੍ਹ ਸੁਣ ਕੇ ਨਾਸਤਕਾਂ ਦੀ ਨਾਸਤਕਤਾ ਪਾਸ਼ ਪਾਸ਼ ਹੋ ਜਾਂਦੀ ਹੈ ਅਤੇ ਧੰਨਤਾ ਵਿਚ ਮੁਖੋਂ ਆਪ-ਮੁਹਾਰੇ ਇਹ ਅਵਾਜ਼ ਨਿਕਲਦੀ ਹੈ —

ਸ੍ਰੀ ਹਰਿਕ੍ਰਿਸ਼ਨ ਧਿਆਈਐ,ਜਿਸ ਡਿਠੇ ਸਭਿ ਦੁਖਿ ਜਾਇ॥

ਖ਼ਬਰ ਇਉਂ ਹੈ —

ਸ਼ਕੂਰ ਬਸਤੀ ਦਿਲੀ ਗੁਰਦਵਾਰਾ ਦੇ ਸੈਕਟਰੀ ਸ: ਮਨਮੋਹਣ ਸਿੰਘ ਦੀ ਨੌਜਵਾਨ ਲੜਕੀ, ਜੋ ਦਸਵੀਂ ਜਮਾਤ ਵਿਚ ਪੜ੍ਹਦੀ ਸੀ, ਬੀਮਾਰ ਹੋ ਜਾਣ ਕਾਰਨ ਅਚਾਨਕ ਅੱਖਾਂ ਦੀ ਰੋਸ਼ਨੀ ਬੰਦ ਹੋ ਗਈ। ਤਕਰੀਬਨ ਇਕ ਸਾਲ ਇਲਾਜ ਵਿਚ ਪੂਰੀ ਵਾਹ ਲਾਉਣ ਤੇ ਵੀ ਕੋਈ ਕਾਮਯਾਬੀ ਨਾ ਮਿਲੀ। ਆਖ਼ਰ ਗੁਰੂ-ਘਰ ਦੇ ਇਕ ਸ਼ਰਧਾਲੂ ਨੇ ਉਹਨਾਂ ਨੂੰ ਗੁਰਦੁਆਰਾ ਬੰਗਲਾ ਸਾਹਿਬ (ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ) ਦਿਲੀ, ਵਿਖੇ ਜੋ ਸ: ਮਨਮੋਹਣ ਸਿੰਘ ਦੇ ਘਰ ਤੋਂ ੮-੯ ਮੀਲ ਦੀ ਦੂਰੀ ਤੇ ਸੀ, ਚਾਲੀ ਦਿਨ ਹਾਜ਼ਰੀ ਦੇਣ ਅਤੇ ਅਰਦਾਸ ਕਰਨ ਦੀ ਪ੍ਰੇਰਨਾ ਕੀਤੀ। ਸ: ਮਨਮੋਹਣ ਸਿੰਘ ਨੇ ਅਗਲੇ ਦਿਨ ਹੀ ਚਲੀਹਾ ਅਰੰਭ ਦਿਤਾ ਤੇ ਰੋਜ਼ਾਨਾ ਬੀਬੀ ਨੂੰ ਸਾਈਕਲ ਤੇ ਬਿਠਾ ਕੇ ਨਾਲ ਗੁਰਦਵਾਰਾ ਸਾਹਿਬ ਲਿਜਾਣਾ ਸ਼ੁਰੂ ਕਰ ਦਿਤਾ। ਇਕ ਚਲੀਹਾ ਪੂਰਾ ਹੋਣ ਤੇ ਦੂਜਾ ਸ਼ੁਰੂ ਹੋ ਕੇ ਖ਼ਤਮ ਹੋ ਚੁਕਾ, ਕੋਈ ਕਾਮਯਾਬੀ ਨਹੀਂ ਮਿਲੀ; ਪਰ ਲੜਕੀ ਅਤੇ ਉਸਦੇ ਪਿਤਾ ਨੇ ਦਿਲ ਨਾ ਹਾਰਿਆ। ਰੋਜ਼ਾਨਾ ਹਾਜ਼ਰੀ ਜਾਰੀ ਰਖੀ ਅਤੇ ਜ਼ਿੰਦਗੀ ਭਰ ਲਈ ਰੋਜ਼ਾਨਾ ਹਾਜ਼ਰੀ ਦੇਣ ਦਾ ਪ੍ਰਣ ਕਰ ਲਿਆ। ਕੋਈ ਡੇਢ ਮਹੀਨਾ ਬਾਅਦ ਅਕਾਲ ਪੁਰਖ ਦੀ ਕਿਰਪਾਲਤਾ ਨਾਲ ਲੜਕੀ ਦੀਆਂ ਅੱਖਾਂ ਦੀ ਰੋਸ਼ਨੀ ਉਸ ਵੇਲੇ ਪਰਤ ਆਈ ਜਦੋਂ ਉਹ ਨਿਤਨੇਮ ਕਰ ਕੇ ਅਰਦਾਸ ਕਰ ਰਹੀ ਸੀ। ਉਸਨੂੰ ਦੀਵਾਰ ਤੇ ਲਗੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਤਸਵੀਰਾਂ ਨਜ਼ਰ ਆਉਣ ਲਗੀਆਂ। ਜਦੋਂ ਇਹ ਗੱਲ ਬੀਬੀ ਨੇ ਘਰ ਵਾਲਿਆਂ ਨੂੰ ਦੱਸੀ ਤਾਂ ਉਹ ਬਹੁਤ ਖ਼ੁਸ਼ ਹੋਏ।

# ਪਿੰਡ ਭੱਕੂ ਮਾਜਰਾ ਵਿਖੇ ਰੈਣ ਸਬਾਈ ਕੀਰਤਨ

ਸੰਗਤਾਂ ਦੀ ਸੇਵਾ ਵਿਖੇ ਬਿਨੈ ਹੈ ਕਿ ੧੯-੨੦ ਅਪ੍ਰੈਲ ੧੯੭੫ ਦੀ ਵਿਚਕਾਰਲੀ ਰਾਤ ਨੂੰ ਰੈਣ-ਸਬਾਈ ਕੀਰਤਨ ਦੇ ਅਵਸਰ ਜੁੜ ਰਹੇ ਹਨ ਜਿਸ ਵਿਚ ਸਮੂਹ ਅਖੰਡ ਕੀਰਤਨੀ ਜਥੇ ਸ਼ਾਮਿਲ ਹੋ ਰਹੇ ਹਨ। ਸਮੂਹ ਕੀਰਤਨ-ਰਸੀਆਂ, ਪ੍ਰੇਮੀਆਂ ਅਤੇ ਗੁਰਸਿਖਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਕੀਰਤਨ ਵਿਚ ਹਾਜ਼ਰੀਆਂ ਭਰ ਕੇ ਧੰਨਵਾਦੀ ਬਣਾਓ ਜੀ। ਪਿੰਡ ਭੱਕੂ ਮਾਜਰਾ ਚਮਕੌਰ ਸਾਹਿਬ ਤੋਂ ੩ ਮੀਲ ਤੇ ਰੋਪੜ ਤੋਂ ੭ ਮੀਲ ਹੈ। ਰੋਪੜ, ਲੁਧਿਆਣਾ ਅਤੇ ਸਮਰਾਲਾ ਤੋਂ ਆਮ ਬਸਾਂ ਮਿਲਦੀਆਂ ਹਨ।

ਦਾਸਰੇ—ਸੰਗਤ ਭੱਕੂ ਮਾਜਰਾ

ਪੁੱਛ ਗਿੱਛ—ਪਿਆਰਾ ਸਿੰਘ ਸੂਬੇਦਾਰ, ਭੱਕੂ ਮਾਜਰਾ, ਜ਼ਿਲਾ ਰੋਪੜ



www.AKJ.Org

# ਨਾ ਪੀ ਯਾਰ ਸ਼ਰਾਬਾਂ, ਨਾਲ ਕਬਾਬਾਂ

[ ਵਲੋਂ—ਸ: ਸਾਧੂ ਸਿੰਘ ਜੀ ਸੂਫ਼ੀ ]

ਪੀ ਕੇ ਨਿੱਤ ਸ਼ਰਾਬ ਸ਼ਰਾਬੀ, ਕਰਦੇ ਸਦਾ ਪਵਾੜੇ, ਮਾਰਨ ਧਾੜੇ।
ਚੋਰੀ ਯਾਰੀ ਤੇ ਬਦਕਾਰੀ, ਕੰਮ ਕਰਨ ਨਿਤ ਮਾੜੇ, ਕਰਨ ਉਜਾੜੇ।
ਬੰਦੀਖ਼ਾਨੇ ਵਿਚ ਜ਼ਮਾਨੇ, ਜਿੰਦ ਘੁਲੇ ਬਿਨ ਭਾੜੇ, ਰਾਜ ਅਖਾੜੇ।
ਸੂਫ਼ੀ ਕਤਲ ਕਰੇ ਨਰ ਨਰ ਨੂੰ, ਪੁਲਸ ਕਰੇ ਹਰਨਾੜੇ, ਜੂਨ ਵਿਗਾੜੇ।੨੧੦।

ਪਤ ਪਰਤੀਤ ਹਰੇ ਸਭ ਜਨ ਦੀ, ਮਦਰਾ ਕਰੇ ਖਵਾਰੀ, ਘਰ ਵਿਚ ਭਾਰੀ।
ਲਾਜ ਸ਼ਰਮ ਨਾ ਰਹੇ ਕਰਮ ਸ਼ੁਭ, ਧਰਮ ਮਿਟੇ ਗੁਣਕਾਰੀ, ਬਲ ਬੁਧ ਹਾਰੀ।
ਭਲੇ ਬੁਰੇ ਦੀ ਸਾਰ ਨਾ ਔੜੇ, ਜਦ ਸੁਝੇ ਬਦਕਾਰੀ, ਅਵਗੁਣ-ਹਾਰੀ।
ਸੂਫ਼ੀ ਹੋਸ਼ ਹਰੇ ਸਭ ਮਨ ਦੀ, ਜਨ ਬਣ ਜਾਏ ਵਿਕਾਰੀ, ਤੇ ਵਿਭਚਾਰੀ।੨੧੧।

ਪੀ ਮਦਰਾ ਬਦ-ਮਸਤੀ ਨਾ ਕਰ, ਨਾ ਫੜ ਲੰਮੀਆਂ ਡਾਂਗਾਂ, ਮਾਰ ਨ ਪਾਂਗਾਂ।
ਸੱਥਾਂ ਵਿਚ ਮਹੱਲੇ ਗਲੀਆਂ, ਫਿਰ ਫਿਰ ਮਾਰ ਨਾ ਚਾਂਗਾਂ, ਬੜਕਾਂ ਬਾਂਗਾਂ।
ਜੀਵਨ ਤੇ ਇਖ਼ਲਾਕ ਤੇਰੇ ਦੀਆਂ, ਨਾ ਕੋਈ ਲਾਵੇ ਸਾਂਗਾਂ, ਨਾ ਦੇ ਕਾਂਗਾਂ।
ਦੇਸ਼ ਦੀਆਂ ਸਭ ਜਗ ਵਿਚ ਸੂਫ਼ੀ, ਵੇਖ ਪਈਆਂ ਹੁਣ ਧਾਂਗਾਂ, ਸਭ ਨੂੰ ਤਾਂਘਾਂ।੨੧੩।

ਸਿੰਘ ਸ਼ਰਾਬੀ ਘੋੜਾ ਕਾਜੇ, ਆਖਣ ਲੋਕ ਸਿਆਣੇ, ਹਰ ਕੋਈ ਜਾਣੇ।
ਸਿੰਘ ਸ਼ਰਾਬੀ ਕਰੇ ਖ਼ਰਾਬੀ, ਮਨ ਆਈਆਂ ਘਰ ਮਾਣੇ, ਦੁਖੀ ਨਿਆਣੇ।
ਭੰਗ ਅਫ਼ੀਮ ਸ਼ਰਾਬ ਨਸ਼ੇ ਵਿਚ, ਉੱਜੜ ਗਏ ਕਈ ਲਾਣੇ, ਜਗਤ ਘਰਾਣੇ।
ਨਾ ਟੰਗਣੇ ਤੇ ਟੱਲੀਆਂ ਸੂਫ਼ੀ, ਨਾ ਕੋਠੀ ਵਿਚ ਦਾਣੇ, ਨਵੇਂ ਪੁਰਾਣੇ।੨੧੫।

ਪੋਸਤ ਭੰਗ ਅਫ਼ੀਮ ਸ਼ਰਾਬਾਂ, ਨਸ਼ੇ ਜਗਤ ਵਿਚ ਮਾੜੇ, ਸਦਾ ਪਵਾੜੇ।
ਪਤ ਪਰਤੀਤ ਰਹੇ ਨਾ ਜਨ ਦੀ, ਭੌਂਦਾ ਫਿਰੇ ਉਜਾੜੇ, ਹਰ ਇਕ ਤਾੜੇ।
ਚੋਰੀ, ਠੱਗੀ, ਜੂਆ ਖੇਡਣ, ਪੀ ਮਦਰਾ ਦੇ ਹਾੜੇ, ਸਾੜਨ ਵਾੜੇ।
ਸੂਫ਼ੀ ਤਨ ਮਨ ਮੈਲੇ ਉਸ ਦੇ, ਜੋ ਨਸ਼ਿਆਂ ਦੇ ਸਾੜੇ, ਪੈਰ ਕੁਹਾੜੇ।੨੧੬।

ਝੂਠ ਜੂਠ ਵਿਚ ਭੇਦ ਨਾ ਭਾਸੇ, ਮਦਰਾ ਝੂਠ ਬੁਲਾਂਦੀ, ਜੂਠ ਪਿਲਾਂਦੀ।
ਝੂਠ ਜੂਠ ਵਿਚ ਮਾਨ ਹਰੇ ਸਭ, ਮਦਰਾ ਖ਼ਾਕ ਰੁਲਾਂਦੀ, ਗਲਾ ਕਟਾਂਦੀ।
ਝੂਠ ਜੂਠ ਵਿਚ ਮਤ ਬੁੱਧ ਨਾਸੇ, ਮਦਰਾ ਬੰਧਨ ਪਾਂਦੀ, ਦੀਨ ਕਰਾਂਦੀ।
ਝੂਠ ਜੂਠ ਮਦਰਾ ਮਿਲ ਸੂਫ਼ੀ, ਖੋਟਾ ਬਚਨ ਸੁਣਾਂਦੀ, ਨਰਕ ਵਿਖਾਂਦੀ।੨੧੭।

ਨਸ਼ਾ ਜਵਾਨੀ ਦਾ ਜਦ ਚੜ੍ਹਿਆ, ਨਾ ਪੀ ਯਾਰ ਸ਼ਰਾਬਾਂ, ਨਾਲ ਕਬਾਬਾਂ।
ਪੀਣ ਦੀਆਂ ਨਾ ਦੇ ਮਿਸਾਲਾਂ, ਨਾ ਲੈ ਬੁਰੀਆਂ ਖ਼ਾਬਾਂ, ਬੇ - ਹਿਸਾਬਾਂ।
ਖੇਡ ਨਾ ਜਗ ਵਿਚ ਗੁੱਲੀ ਡੰਡਾ, ਪੁੱਟ ਤਕੱਬਰ ਰਾਬਾਂ, ਨਾ ਦੇ ਦਾਬਾਂ।
ਸੁੰਦਰ ਦੇ ਵਿਖਾਈਆਂ ਸੂਫ਼ੀ, ਕਲੀਆਂ ਵਾਂਗ ਗੁਲਾਬਾਂ, ਨਿਰਮਲ ਢਾਬਾਂ।੨੧੮।

[ਪੁਸਤਕ 'ਸੂਫ਼ੀ ਡਿਉਦਾਂ' ਵਿਚੋਂ



www.AKJ.Org

# ਮਾਸੁ ਖਾਨਿ ਗਲ ਵਢਿ ਕੈ, ਹਾਲੁ ਤਿਨਾੜਾ ਕਉਣੁ ਹੋਵਸੀ ?

ਭਾਈ ਗੁਰਦਾਸ ਜੀ ਦਾ ਉਪਰੋਕਤ ਕਥਨ ਉਨ੍ਹਾਂ ਪ੍ਰਾਣੀਆਂ ਨਾਲ ਵਾਪਰਨ ਵਾਲੀ ਦਸ਼ਾ ਬਿਆਨ ਕਰਦਾ ਹੈ ਜਿਹੜੇ ਜੀਵਾਂ ਦਾ ਗਲ ਵਢ ਕੇ ਉਨ੍ਹਾਂ ਦਾ ਮਾਸ ਖਾਂਦੇ ਹਨ। ਅਜਿਹੇ ਪ੍ਰਾਣੀਆਂ ਨਾਲ ਵਾਪਰਨ ਵਾਲੀ ਦਸ਼ਾ ਨੂੰ ਭਾਈ ਸਾਹਿਬ ਜੀ ਨੇ ਪਰਤੱਖ ਪੇਖ ਕੇ ਹੀ ਤਰਸ ਵਿਚ ਆ ਕੇ ਇਉਂ ਉਚਾਰਿਆ ਹੈ ਕਿ ਉਨ੍ਹਾਂ ਦਾ ਕੀ ਹਾਲ ਹੋਵੇਗਾ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਭਾਈ ਸਾਹਿਬ ਜੀ ਨੇ ਜੀਵਾਂ ਨੂੰ ਕੋਹ-ਕੁਠ ਕੇ ਮਾਰਨ ਤੇ ਉਨ੍ਹਾਂ ਦਾ ਮਾਸ ਭਖਣ-ਹਾਰਿਆਂ ਦਾ ਮੰਦਾ ਹਾਲ ਹੁੰਦਾ ਵੇਖਿਆ ਹੈ।

ਅਸੰਖ ਗਲਵਢ ਹਤਿਆ ਕਮਾਹਿ ॥
ਅਸੰਖ ਪਾਪੀ ਪਾਪੁ ਕਰਿ ਜਾਹਿ ॥

ਜੀਵਾਂ ਦਾ ਗਲ ਵਢਣਾ ਹਤਿਆ ਕਮਾਉਣਾ ਹੈ ਤੇ ਜੀਵ-ਹਤਿਆ ਕਰਨੀ ਘੋਰ ਪਾਪ ਹੈ। ਆਪਣੇ ਬੱਚਿਆਂ ਦੇ ਤਾਂ ਸਿਰਵਾਰਨੇ ਕਰਨੇ ਅਤੇ ਸਿਰ-ਸਦਕੇ ਦੇਣੇ, ਪਰ ਬੇ-ਜ਼ਬਾਨਾਂ ਦੇ ਬੱਚਿਆਂ ਦੇ ਸਿਰ ਵਢ ਵਢ ਕੇ ਖਾਣੇ ਕਿਥੋਂ ਦਾ ਇਨਸਾਫ਼ ਹੈ? ਅਸ਼ਰਫੁਲ ਮਖ਼ਲੂਕਾਤ ਹੋਣ ਦੇ ਨਾਤੇ ਇਨਸਾਨ ਦਾ ਫ਼ਰਜ਼ ਬਣਦਾ ਹੈ ਕਿ ਮਨੁੱਖ ਮਾਤਰ ਨਾਲ ਹੀ ਨਹੀਂ, ਸਗੋਂ ਸਿਰਜਨਹਾਰ ਦੀ ਸਾਰੀ ਕਾਇਨਾਤ (ਸਭ ਜੀਅ ਜੰਤ) ਨਾਲ ਪੂਰਨ ਨਿਆਂ ਕਰੇ। ਪਰ ਮਨੁੱਖ ਦਾ ਖ਼ਾਸਾ ਹੈ ਕਿ ਉਹ ਤਕੜੇ ਤੋਂ ਤਾਂ ਡਰਦਾ ਹੈ, ਅਤੇ ਮਾੜੇ ਉਪਰ ਜ਼ੁਲਮ ਕਰਦਾ ਹੈ। ਇਹ ਦੋਵੇਂ ਹਾਲਤਾਂ ਹੀ ਨਿੰਦਨੀਯ ਹਨ, ਕਿਉਂਕਿ ਗੁਰਮਤਿ ਇਹ ਸਿਖਾਉਂਦੀ ਹੈ ਕਿ–

ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ ॥
(ਪੰਨਾ ੧੪੨੭)

ਗੁਰਬਾਣੀ ਅੰਦਰ ਮਾਸ ਖਾਣ ਦੇ ਵਿਰੁੱਧ ਅਨੇਕਾਂ ਗੁਰ-ਹੁਕਮ ਮਿਲਦੇ ਹਨ, ਪਰ ਮਾਸ ਖਾਣ ਦੇ ਹੱਕ ਵਿਚ ਇਕ ਭੀ ਨਹੀਂ। ਯਥਾ ਗੁਰਵਾਕ–

ਜੀਅ ਬਧਹੁ ਸੁ ਧਰਮੁ ਕਰਿ ਥਾਪਹੁ, ਅਧਰਮੁ ਕਹਹੁ ਕਤ ਭਾਈ ॥ ਆਪਸ ਕਉ ਮੁਨਿਵਰ ਕਰਿ ਥਾਪਹੁ, ਕਾ ਕਉ ਕਹਹੁ ਕਸਾਈ ॥੨॥
[ਮਾਰੂ ਕਬੀਰ ਜੀ, ੧੧੦੨

ਕਬੀਰ, ਭਾਂਗ ਮਾਛੁਲੀ ਸੁਰਾ ਪਾਨਿ, ਜੋ ਜੋ ਪ੍ਰਾਨੀ ਖਾਂਹਿ ॥ ਤੀਰਥ ਬਰਤ ਨੇਮ ਕੀਏ, ਤੇ ਸਭੈ ਰਸਾਤਲ ਜਾਂਹਿ ॥੨੩੩॥ (ਭਾਂਗ–ਮਾਸ)

ਕਬੀਰ, ਜੋਰੁ ਕੀਆ ਸੋ ਜੁਲਮੁ ਹੈ, ਲੇਇ ਜਬਾਬੁ ਖੁਦਾਇ ॥ ਦਫਤਰ ਲੇਖਾ ਨੀਕਸੈ, ਮਾਰ ਮੁਹੈ ਮੁਹਿ ਖਾਇ ॥੨੦੦॥

ਕਬੀਰ ਖੂਬੁ ਖਾਨਾ ਖੀਚਰੀ, ਜਾ ਮਹਿ ਅੰਮ੍ਰਿਤੁ ਲੋਨੁ ॥ ਹੇਰਾ ਰੋਟੀ ਕਾਰਨੇ, ਗਲਾ ਕਟਾਵੈ ਕਉਨੁ ॥ (ਹੇਰਾ–ਸ਼ਿਕਾਰ ਕੀਤਾ ਮਾਸ)
[ਸਲੋਕ ਕਬੀਰ ਜੀ

ਹਸਿ ਹਸਿ ਬੋਲੈ ਕੁਹੀਦੀ, ਖਾਧੈ ਅਕੁ ਹਾਲ ਇਹੁ ਹੋਆ ॥ ਮਾਸ ਖਾਨ ਗਲ ਛੁਰੀ ਦੇ, ਹਾਲ ਤਿਨਾੜਾ ਕਉਣੁ ਅਲੋਆ ॥ (ਕੁਹੀਦੀ–ਕੋਹੀ ਜਾ ਰਹੀ ਬਕਰੀ)
[ਵਾਰਾਂ ਭਾ: ਗੁਰਦਾਸ, ਵਾਰ ੩੭, ੨੧

ਜੇ ਕਾਸਾਈ ਉਧਰਿਆ, ਜੀਆ ਘਾਇ ਨ ਖਾਈਐ ਭੰਗਾ ॥ (ਜੀਆਂ ਨੂੰ ਮਾਰ ਕੇ ਮਾਸ ਨ ਖਾਈਏ)
[ਵਾਰ ੩੧, ਪਉੜੀ ੯

ਜੀਆਂ ਕੁਹਤ ਨ ਸੰਗੈ ਪਰਾਣੀ ॥
[ਗਉੜੀ ਮ: ੫, ੨੦੧

ਇਸੇ ਤਰ੍ਹਾਂ ਦੇ ਹੋਰ ਕਈ ਹੁਕਮ ਗੁਰਬਾਣੀ ਵਿਚ ਵੇਖੇ ਜਾ ਸਕਦੇ ਹਨ। ਗੁਰਬਾਣੀ ਸਾਫ਼ ਤੇ ਸਪੱਸ਼ਟ ਨਿਰਣਾ ਕਰਦੀ ਹੈ ਕਿ ਜੀਭ ਦੇ ਸੁਆਦ ਤੇ ਚਸਕੇ ਦੀ ਖ਼ਾਤਰ ਜੀਵਾਂ ਨੂੰ ਮਾਰ ਕੇ ਖਾਣਾ ਬਜਰ ਪਾਪ ਹੈ, ਕਿਉਂ ਜੁ ਇਸ ਦਾ ਲੇਖਾ ਅਗਲੀ ਦਰਗਾਹ ਵਿਚ ਦੇਣਾ ਪੈਂਦਾ ਹੈ। "ਗੁਰਮਤਿ ਰਹਿਤ ਮਰਯਾਦਾ" ਪੁਸਤਕ ਵਿਚ ਸੰਤ ਗਿ: ਗੁਰਬਚਨ ਸਿੰਘ ਜੀ ਭਿੰਡਰਾਂ ਵਾਲੇ ਲਿਖਦੇ ਹਨ –

"ਜੋ ਕਿਸੇ ਮਾਸ ਨੂੰ ਖਾਂਦਾ ਹੈ, ਉਸ ਦੀ ਪਸ਼ੂ ਵਰਗੀ ਬੁੱਧੀ ਹੁੰਦੀ ਹੈ। ਜਿਸ ਮਾਸ ਨੂੰ ਖਾਂਦਾ ਹੈ, ਤੇ ਉਸ ਜੂਨ ਵਿਚ ਪੈਣਾ ਪੈਂਦਾ ਹੈ। ਦਿਲ ਪ੍ਰੇਮ ਤੋਂ ਖ਼ਾਲੀ ਰਹਿੰਦਾ ਹੈ ਤੇ ਮਨ ਪੁਸ਼ਟ ਹੋ ਕੇ ਭੋਗਾਂ ਨੂੰ ਬਹੁਤ ਚਾਹੁੰਦਾ ਹੈ, ਇਸ ਕਰਕੇ ਮਾਸ ਦਾ ਨਿਸ਼ੇਧ ਕੀਤਾ ਹੈ।......ਪਰ ਮਾਸ ਖਾਣੇ ਕਰਕੇ ਬਾਣੀ ਪੜ੍ਹਨ ਤੋਂ



www.AKJ.Org

ਮਨ ਆਲਸ ਕਰਦਾ ਹੈ ਤੇ ਵਿਕਾਰ ਫੁਰਦੇ ਹਨ, ਤੇ ਦੂਜਾ ਪਾਪ ਪੁੰਨ ਦਾ ਭੋਗੀ, ਜੋ ਕਰੇਗਾ ਸੋ ਭਰੇਗਾ। ਜੋ ਕਤਲ ਕਰੇਗਾ ਸੋ ਕਤਲ ਹੋਵੇਗਾ। ਜੋ ਰਖਿਆ ਕਰੇਗਾ ਉਸ ਦੀ ਰਖਿਆ ਹੋਵੇਗੀ। ਸਧਨੇ ਕਸਾਈ ਦੀ ਸਾਖੀ ਹੈ, ਜਿਵੇਂ—

'ਮਹਾ ਕਸਾਬਿ ਛੁਰੀ ਸਟਿ ਪਾਈ' ਜੋ ਗੁਰੂ ਕੇ ਸਿਖ ਭਜਨ ਸਿਮਰਨ ਵਿਚ ਰਹਿਣ ਵਾਲੇ ਹਨ ਉਹ ਸਚੇ ਪਾਤਸ਼ਾਹ ਜੀ ਦੇ ਕੜਾਹ ਪ੍ਰਸ਼ਾਦ ਨੂੰ ਅੰਮ੍ਰਿਤ ਰੂਪ ਕਰ ਕੇ ਛਕਦੇ ਹਨ । ਉਨ੍ਹਾਂ ਨੂੰ ਕੋਈ ਜ਼ਰੂਰਤ ਨਹੀਂ ਕਿ ਮਾਸ ਛਕਣ । ਉਨ੍ਹਾਂ ਦੀ ਸਰੀਰਕ ਤਾਕਤ ਤੇ ਦਿਲ ਆਦਿ ਵਿਚ ਹੀ ਅੰਮ੍ਰਿਤ ਦੀ ਬਰਕਤ ਕਰ ਕੇ ਕੋਈ ਕਮਜ਼ੋਰੀ ਨਹੀਂ ਹੁੰਦੀ, ਚਿਤ ਕਮਜ਼ੋਰ ਨਹੀਂ ਹੁੰਦਾ, ਬਾਣੀ ਅਤੇ ਅੰਮ੍ਰਿਤ ਦੀ ਬਰਕਤ ਕਰਕੇ ਸਾਵਧਾਨੀ ਰਹਿੰਦੀ ਹੈ। ਜਿਵੇਂ ਬਾਬਾ ਦੀਪ ਸਿੰਘ ਜੀ ਸ਼ਹੀਦ ਸਤਾਸੀ ਬਰਸ ਦੀ ਉਮਰ ਵਿਚ ਜੰਗ ਕਰ ਕੇ ਜ਼ਾਲਮ ਨਾਸ ਕੀਤੇ ਤੇ ਮੌਤ ਨੂੰ ਭੀ ਦੂਰ ਕਰ ਦਿਤਾ । ਉਨ੍ਹਾਂ ਵਿਚ ਸਿਰਫ਼ ਬਾਣੀ ਅਤੇ ਅੰਮ੍ਰਿਤ ਦੀ ਸ਼ਕਤੀ ਸੀ। ਮਾਸ ਖਾਣ ਵਾਲਾ ਸਤਾਸੀ ਸਾਲ ਦੀ ਉਮਰ ਵਿਚ ਕਿਵੇਂ ਇੰਨੀ ਬਹਾਦਰੀ ਕਰ ਸਕਦਾ ਹੈ ? ਇਨ੍ਹਾਂ ਨੇ ਕੱਚੇ ਬੇਰ ਖਾ ਖਾ ਚਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਲਿਖੇ, ਜੋ ਚਹੁੰ ਤਖ਼ਤਾਂ ਤੇ ਬਰਾਜਮਾਨ ਹਨ । ਕਦੇ ਮਾਸ ਨਹੀਂ ਸੀ ਖਾਧਾ । (ਪੰਨਾ ੮੨ ਤੋਂ ੮੬ ਵਿਚੋਂ)

ਸਾਡੇ ਇਤਿਹਾਸ ਵਿਚ ਕਾਫ਼ੀ ਮਿਲਾਵਟ ਓਦੋਂ ਹੋਈ ਜਾਪਦੀ ਹੈ ਜਦੋਂ ਖ਼ਾਲਸੇ ਦਾ ਪੱਤਾ ਪੱਤਾ ਵੈਰੀ ਸੀ ਅਤੇ ਖ਼ਾਲਸਾ ਘੋੜਿਆਂ ਦੀਆਂ ਕਾਠੀਆ ਤੇ ਹੀ ਦਿਨ-ਕਟੀ ਕਰਦਾ ਸੀ । ਕਈ ਲਿਖਾਰੀਆਂ ਨੇ ਆਪਣੀਆਂ ਕਮਜ਼ੋਰੀਆਂ ਤੇ ਪਰਦਾ ਪਾਉਣ ਖ਼ਾਤਰ ਕਈ ਕੁਝ ਊਲ-ਜਲੂਲ ਲਿਖ ਦਿਤਾ ਤੇ ਕਈ ਮਨ-ਘੜਤ ਸਾਖੀਆਂ ਜੋੜ ਲਈਆਂ। ਜੇ ਕੁਝ ਕੁ ਸਾਖੀਆਂ ਮਾਸ ਖਾਣ ਦੇ ਹੱਕ ਵਿਚ ਪਾਈਆਂ ਮਿਲਦੀਆਂ ਹਨ ਤਾਂ ਅਨੇਕਾਂ ਸਾਖੀਆਂ ਤੇ ਸਤਿਗੁਰਾਂ ਦੇ ਕਾਰਨਾਮਿਆਂ ਭਰੇ ਬਿਰਤਾਂਤ ਮਾਸ ਖਾਣ ਦੀ ਸਖ਼ਤ ਨਿਖੇਧੀ ਭਰੇ ਭੀ ਮਿਲਦੇ ਹਨ। ਇਸੇ ਤਰ੍ਹਾਂ ਹੀ ਰਹਿਤਨਾਮੇ ਭੀ ਸ਼ੁਧ ਤੇ ਸਹੀ ਸਰੂਪ ਵਿਚ ਨਹੀਂ ਮਿਲਦੇ। ਭਾਈ ਕਾਨ੍ਹ ਸਿੰਘ ਜੀ ਨਾਭਾ ਕਰਤਾ 'ਮਹਾਨ ਕੋਸ਼' ਅਤੇ ਪ੍ਰਿੰਸੀਪਲ ਜੋਧ ਸਿੰਘ ਜੀ ਕਰਤਾ 'ਗੁਰਮਤਿ ਨਿਰਣਯ' ਭੀ ਇਸ ਗੱਲ ਦੀ ਪੁਸ਼ਟੀ ਕਰਦੇ ਹਨ। 'ਮਹਾਨ ਕੋਸ਼' ਵਿਚ ਭਾਈ ਕਾਨ੍ਹ ਸਿੰਘ ਜੀ ਲਿਖਦੇ ਹਨ—

"ਰਹਿਤਨਾਮੇ ਅਨੰਤ ਹਨ, ਜੋ ਪ੍ਰੇਮੀ ਸਿਖਾਂ ਨੇ ਆਪਣੀ ਆਪਣੀ ਬੁਧਿ ਅਤੇ ਨਿਸਚੇ ਅਨੁਸਾਰ ਲਿਖੇ ਹਨ, ਪਰ ਉਨ੍ਹਾਂ ਦੇ ਵਾਕ ਉਹੀ ਮੰਨਣ ਯੋਗ ਹਨ ਜੋ ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਬਾਣੀ ਨਾਲ ਵਿਰੋਧ ਨਾ ਰਖਦੇ ਹੋਣ।"

ਜੋ ਸਾਖੀਆਂ ਜਾਂ ਰਹਿਤਨਾਮਿਆਂ ਦੇ ਬਚਨ ਗੁਰਬਾਣੀ ਦੇ ਹੁਕਮਾਂ ਨਾਲ ਮੇਲ ਨਹੀਂ ਖਾਂਦੇ ਜਾਂ ਵਿਰੁੱਧ ਹਨ, ਉਹ ਕਦਾਚਿਤ ਮੰਨਣ ਯੋਗ ਨਹੀਂ ਹਨ । ਸਭ ਤੋਂ ਵੱਡਾ ਰਹਿਤਨਾਮਾ ਸਿਖ ਲਈ ਗੁਰਬਾਣੀ ਹੀ ਹੈ। ਅਤੇ ਹਰੇਕ ਗੱਲ ਨੂੰ ਪਰਖਣ ਵਾਸਤੇ ਗੁਰਬਾਣੀ ਹੀ ਸਾਡੇ ਵਾਸਤੇ ਕਸਵੱਟੀ ਹੈ। ਗੁਰਬਾਣੀ ਦੀ ਰੌਸ਼ਨੀ ਦੇ ਅਧੀਨ ਇਤਿਹਾਸ ਜਾਂ ਰਹਿਤਨਾਮੇ-ਕਬੂਲਣ ਯੋਗ ਹਨ । ਇਤਿਹਾਸ ਜਾਂ ਰਹਿਤਨਾਮਿਆਂ ਵਿਚੋਂ ਜਿਹੜੀਆਂ ਗੱਲਾਂ ਗੁਰਬਾਣੀ ਰੂਪੀ ਕਸਵੱਟੀ ਤੇ ਪੂਰੀਆਂ ਨਹੀਂ ਉਤਰਦੀਆਂ, ਉਹ ਗ਼ਲਤ ਹਨ ਅਤੇ ਕਬੂਲਣ ਯੋਗ ਨਹੀਂ।

## 'ਕੁੱਠਾ' ਪਦ ਦੀ ਵੀਚਾਰ—

'ਕੁੱਠਾ' ਪਦ ਦੇ ਅਰਥ ਹਨ 'ਕੋਹਿਆ ਹੋਇਆ', ਭਾਵ ਮਾਰਿਆ ਹੋਇਆ। ਕਿਸੇ ਜੀਵ ਨੂੰ ਕੋਹ ਕੇ ਪ੍ਰਾਪਤ ਕੀਤਾ ਹੋਇਆ ਮਾਸ 'ਕੁੱਠਾ' ਹੈ। ਕਿਸੇ ਜੀਵ ਨੂੰ ਭਾਵੇਂ ਕਿਸੇ ਤਰੀਕੇ ਨਾਲ ਵੀ ਮਾਰਿਆ ਜਾਵੇ ਉਹ ਕੋਹਿਆ ਹੀ ਗਿਆ ਹੈ ਤੇ ਉਸ ਦੀ ਜਾਨ ਕਢੀ ਹੀ ਗਈ ਹੈ; ਜਾਨ ਆਪਣੇ ਆਪ ਨਹੀਂ ਨਿਕਲ ਗਈ। ਬਸ ਇਹੋ ਹੀ 'ਕੁੱਠਾ' ਹੈ। ਕਿਸੇ ਜੀਵ ਦੀ ਜਾਨ ਚਾਹੇ ਮੁਸਲਮਾਨ ਕਢਦਾ ਹੈ, ਚਾਹੇ ਹਿੰਦੂ ਕਢਦਾ ਹੈ, ਚਾਹੇ ਕੋਈ ਸਿਖ ਕਢਦਾ ਹੈ, ਉਹ ਗਲਵਢ ਹਤਿਆ ਕਮਾਉਂਦਾ ਹੈ । ਪਹਿਲਾ ਬਜਰ ਪਾਪ ਜੀਵ ਦੀ ਜਾਨ ਕਢਣ ਦਾ ਕੀਤਾ ਗਿਆ, ਉਹ ਭਾਵੇਂ ਹਿੰਦੂ, ਮੁਸਲਮਾਨ ਜਾਂ ਸਿਖ ਕਿਸੇ ਭੀ ਕੀਤਾ, ਇਸ ਪਾਪ ਦੇ ਭਾਗੀ ਸਾਰੇ ਇਕ ਸਮਾਨ ਹਨ।

ਦੂਜੇ ਨੰਬਰ ਤੇ ਗਲ ਵਢਣ ਦੇ ਵਖ ਵਖ ਢੰਗ ਹਨ,



www.AKJ.Org

ਜਿਨ੍ਹਾਂ ਵਿਚ ਥੋੜਾ ਜਿੰਨਾ ਹੀ ਅੰਤਰ ਹੈ। ਮੁਸਲਮਾਨ ਸ਼ਾਹ-ਰਗ ਤੇ ਛੁਰੀ ਰਖ ਕੇ ਹੌਲੀ ਹੌਲੀ ਫੇਰਦੇ ਹਨ ਤੇ ਹਿੰਦੂ ਸਿਖ ਆਦਿ ਕਿਸੇ ਸ਼ਸਤਰ ਦੇ ਟੱਕ ਨਾਲ ਪ੍ਰਹਾਰ ਕਰਦੇ ਹਨ। ਜੀਵ ਦੀ ਜਾਨ ਨਾ ਤਾਂ ਸ਼ਾਹ ਰਗ ਨੂੰ ਹੌਲੀ ਹੌਲੀ ਵਢਣ ਨਾਲ ਇਕ-ਦਮ ਨਿਕਲ ਜਾਂਦੀ ਹੈ ਅਤੇ ਨਾ ਹੀ ਸ਼ਸਤਰ ਦੇ ਇਕੋ ਟਕ ਨਾਲ ਵਢ ਕੇ ਯਕ-ਦਮ ਨਿਕਲਦੀ ਹੈ। ਸਗੋਂ ਕਤਲ ਕੀਤੇ ਗਏ ਜੀਵ ਦੀ ਦੇਹੀ ਕਿੰਨਾ ਕਿੰਨਾ ਚਿਰ ਤੜਫਦੀ ਰਹਿੰਦੀ ਹੈ ਅਤੇ ਕਈ ਚਿਰ ਪਿਛੋਂ ਜਾਨ ਨਿਕਲ ਕੇ ਦੇਹੀ ਠੰਢੀ ਹੁੰਦੀ ਹੈ। ਭਲਾ ਸੋਚੋ ਕਿ ਵਢਣ ਦੇ ਤਰੀਕਿਆਂ ਵਿਚ ਫ਼ਰਕ ਪੈਣ ਨਾਲ ਜੀਵ ਨੂੰ ਕੀ ਸੁਖ ਮਿਲਿਆ ?

ਜੇ 'ਕਲਮਾ' ਪੜ੍ਹ ਕੇ ਜ਼ਿਬ੍ਹਾ ਕਰ ਕੇ ਪ੍ਰਾਪਤ ਕੀਤਾ ਮਾਸ ਨਿੰਦਨੀਯ ਅਤੇ ਖਾਣਾ ਬਿਵਰਜਿਤ ਹੈ ਤਾਂ 'ਸਤਿ ਸ੍ਰੀ ਅਕਾਲ' ਬੋਲ ਕੇ ਝਟਕਾਏ ਜੀਵ ਦਾ ਮਾਸ ਕਿਵੇਂ ਸ਼ਲਾਘਾ ਯੋਗ ਅਤੇ ਪ੍ਰਵਾਣਿਤ ਹੈ ?

ਅਹਿ ਕਰੁ ਕਰੇ ਸੁ ਅਹਿ ਕਰੁ ਪਾਏ,
ਕੋਈ ਨ ਪਕੜੀਐ ਕਿਸੈ ਥਾਇ ॥ (੪੦੬)

ਅਥਵਾ—ਜੇਹਾ ਬੀਜੈ ਸੋ ਲੁਣੈ,ਕਰਮਾ ਸੰਦੜਾ ਖੇਤੁ॥(੧੩੪)

ਇਸ ਭਾਵ ਦੇ ਅਨੇਕਾਂ ਪ੍ਰਮਾਣ ਗੁਰਬਾਣੀ ਅੰਦਰ ਮਿਲਦੇ ਹਨ ਕਿ ਹਰੇਕ ਨੂੰ ਆਪਣੇ ਕੀਤੇ ਕਰਮਾਂ ਦਾ ਲੇਖਾ ਆਪ ਭੁਗਤਣਾ ਪੈਂਦਾ ਹੈ, ਕੋਈ ਇਸ ਲੇਖੇ ਤੋਂ ਬਚ ਨਹੀਂ ਸਕਦਾ। ਕਤਲ ਕਰਨ ਵਾਲੇ ਨੂੰ ਆਪ ਭੀ ਕਤਲ ਹੋਣਾ ਪੈਂਦਾ ਹੈ। ਜਦ ਸਧਨੇ ਕਸਾਈ ਨੂੰ ਅਦਲੇ ਦੇ ਬਦਲੇ ਦੀ ਸੋਝੀ ਪਈ ਤਾਂ "ਮਹਾ ਕਸਾਬਿ ਛੁਰੀ ਸਟਿ ਪਾਈ" ਦੇ ਭਾਵ ਅਨੁਸਾਰ ਸਧਨੇ ਨੇ ਛੁਰੀ ਪਰਾਂ ਵਗਾਹ ਮਾਰੀ ਅਤੇ ਮਨ ਅਜਿਹਾ ਵੈਰਾਗੀ ਹੋਇਆ ਕਿ ਭਗਤਾਂ ਵਿਚ ਗਿਣਿਆ ਗਿਆ, ਜਿਸ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।

'ਗੁਰਮ਼ਤਿ ਰਹਿਤ ਮਰਯਾਦਾ' ਦੇ ਕਰਤਾ ਜੀ 'ਕੁੱਠਾ' ਦੇ ਪ੍ਰਕਰਣ ਦੇ ਅਰੰਭ ਵਿਚ ਇਉਂ ਲਿਖਦੇ ਹਨ—

"ਮੁਸਲਮਾਨ ਦੇ ਕਲਮੇ ਵਾਲਾ ਜ਼ਿਬ੍ਹਾ ਕੀਤਾ ਮਾਸ ਨਹੀਂ ਖਾਣਾ ਚਾਹੀਦਾ। ਉਂਜ ਤਾਂ ਮਾਸ ਚੰਗਾ ਨਹੀਂ ਹੈ। ਜੋ ਕਿਸੇ ਮਾਸ ਨੂੰ ਖਾਂਦਾ ਹੈ ਉਸ ਦੀ ਪਸ਼ੂ ਵਰਗੀ ਬੁੱਧੀ ਹੁੰਦੀ ਹੈ। ਜਿਸ ਮਾਸ ਨੂੰ ਖਾਂਦਾ ਹੈ ਉਸ ਜੂਨ ਵਿਚ ਪੈਣਾ ਪੈਂਦਾ ਹੈ।"

ਉਪਰੋਕਤ ਕਥਨ ਦੇ ਜੇ ਪਹਿਲੇ ਵਾਕ ਅਨੁਸਾਰ ਮੁਸਲਮਾਨ ਦੇ ਕਲਮੇ ਵਾਲਾ ਮਾਸ ਖਾਣਾ ਨਹੀਂ ਚਾਹੀਦਾ ਤਾਂ ਕੀ ਬਗ਼ੈਰ ਕਲਮਾ ਪੜ੍ਹੇ ਵਾਲਾ ਮਾਸ ਖਾ ਲੈਣਾ ਚਾਹੀਦਾ ਹੈ ? ਤਾਂ ਉਸ ਨਾਲ ਕੀ ਪਸ਼ੂ ਵਰਗੀ ਬੁੱਧੀ ਨਾ ਹੋਵੇਗੀ ? ਅਤੇ ਇਸ ਤਰ੍ਹਾਂ ਜਿਸ ਮਾਸ ਨੂੰ ਖਾਵੇਗਾ ਉਸ ਜੂਨ ਵਿਚ ਨਾ ਪੈਣਾ ਪਵੇਗਾ ? ਕਰਤਾ ਜੀ ਦੇ ਉਪਰੋਕਤ ਵਾਕਾਂ ਵਿਚ ਦੋ ਸ੍ਵੈ-ਵਿਰੋਧੀ ਪੱਖ ਹਨ। ਪਿਛਲੇ ਵਾਕਾਂ ਅਨੁਸਾਰ ਪਹਿਲੇ ਵਾਕ ਦੀ ਕੋਈ ਕੀਮਤ ਹੀ ਨਹੀਂ ਰਹਿ ਜਾਂਦੀ। ਜਦ ਕਿ (ਕੋਈ ਭੀ) ਮਾਸ ਖਾਣਾ ਚੰਗਾ ਨਹੀਂ ਹੈ।

ਅਗੇ ਜਾ ਕੇ ਕਰਤਾ ਜੀ ਲਿਖਦੇ ਹਨ ਕਿ—

"ਮੁਸਲਮਾਨਾਂ ਦੀ ਇੰਨੀ ਪੋਠੋਹਾਰ ਵਿਚ ਸ਼ਰ੍ਹਾ ਸੀ, ਜੇ ਕਿਸੇ ਕੁੱਕੜੀ ਮਰਵਾਉਣੀ ਹੋਵੇ; ਬਕਰਾ ਮਰਵਾਉਣਾ ਹੋਵੇ, ਮੁਸਲਮਾਨ ਹਲਾਲ ਕਰਦੇ ਸਨ ਕਲਮਾ ਪੜ੍ਹ ਕੇ, ਤੇ ਫਿਰ ਉਹ ਖਾਂਦੇ ਸੀ। ਸਤਿਗੁਰੂ ਸਾਹਿਬ ਮਹਾਰਾਜ ਸਾਹਿਬ ਨੇ ਇਸ ਗੱਲ ਤੋਂ ਬਿਵਰਜਤ ਕੀਤਾ ਹੈ। ਸਿਖਾਂ ਨੇ ਉਸ ਦਾ ਉਤਰ ਦੇਣ ਵਾਸਤੇ ਝਟਕਾ ਬਣਾਇਆ ਹੈ।"

ਇਨ੍ਹਾਂ ਵਾਕਾਂ ਵਿਚ ਕਰਤਾ ਜੀ ਨੇ ਕਿਸ ਹੁਕਮ ਦੀ ਰੌਸ਼ਨੀ ਵਿਚ ਇਹ ਗੱਲ ਸਿਧ ਕੀਤੀ ਹੈ ਕਿ ਸਤਿਗੁਰੂ ਸਾਹਿਬ ਨੇ ਇਸ ਗੱਲ ਤੋਂ ਬਿਵਰਜਤ ਕੀਤਾ ਹੈ। ਜੇ ਸਿਖਾਂ ਨੇ ਉਸ (ਹਲਾਲ) ਦਾ ਉਤਰ ਦੇਣ ਵਾਸਤੇ ਝਟਕਾ ਬਣਾਇਆ ਹੈ ਤਾਂ ਨਿਰੀ ਈਰਖਾ ਹੀ ਖ਼ੀਦੀ ਹੈ, ਅਤੇ ਕਰਤਾ ਜੀ ਦੇ ਕਥਨ ਅਨੁਸਾਰ ਅਜਿਹਾ ਈਰਖਾਲੂ ਵਤੀਰਾ ਅਪਣਾ ਕੇ ਚੋਰਾਸੀ ਦੇ ਗੇੜ ਵਿਚ ਪੈਣ ਵਾਲਾ ਰਸਤਾ ਹੀ ਅਖਤਿਆਰ ਕੀਤਾ ਹੈ, ਝਟਕਾ ਬਣਾ ਕੇ ਹੋਰ ਕੋਈ ਪੁੰਨ ਧਰਮ ਨਹੀਂ ਕੀਤਾ। ਇਥੋਂ ਇਕ ਗੱਲ ਹੋਰ ਸਿਧ ਹੁੰਦੀ ਹੈ ਕਿ ਝਟਕਾ ਸਿਖਾਂ ਨੇ ਬਣਾਇਆ ਹੈ, ਅਤੇ ਸਤਿਗੁਰੂ ਸਾਹਿਬਾਂ ਨੇ ਨਹੀਂ। ਸਤਿਗੁਰੂ ਸਾਹਿਬਾਨ ਤਾਂ ਸਗੋਂ ਥਾਂ ਥਾਂ ਜੀਵ-ਹਤਿਆ ਤੇ ਮਾਸ ਖਾਣ ਤੋਂ ਵਰਜਦੇ ਹਨ।



www.AKJ.Org

**ਰਹਿਤਨਾਮਿਆਂ ਦਾ ਆਸਰਾ—**

'ਗੁਰਮਤਿ ਰਹਿਤ ਮਰਯਾਦਾ' ਦੇ ਕਰਤਾ ਜੀ ਲਿਖਦੇ ਹਨ ਕਿ—

"ਰਹਿਤਨਾਮਿਆਂ ਦੀ ਰੀਤੀ ਅਨੁਸਾਰ 'ਕੁੱਠਾ' ਮੁਸਲਮਾਨਾਂ ਦੇ ਕਲਮੇ ਵਾਲਾ ਤੇ ਕਿਸੇ ਹਿੰਦੂ ਦਾ ਮਾਰਿਆ ਹੋਇਆ, ਜੋ ਸਿਖ ਨੇ ਝਟਕਾ ਨਹੀਂ ਕੀਤਾ, ਭਾਵ ਆਪਣੇ ਹੱਥੋਂ ਨਹੀਂ ਮਾਰਿਆ, ਉਸ ਕੁੱਠੇ ਨੂੰ ਖਾਣ ਵਾਲਾ ਚੌਥੀ ਬੱਜਰ ਕੁਰਹਿਤ ਵਾਲਾ ਤਨਖ਼ਾਹੀਆ ਹੈ, ਜੋ ਅੰਮ੍ਰਿਤ ਛਕੇ ਬਿਨਾਂ ਪਾਪ ਉਤਰ ਨਹੀਂ ਸਕਦਾ।"

ਰਹਿਤਨਾਮਿਆਂ ਵਿਚ ਕੇਵਲ 'ਕੁੱਠਾ ਨਹੀਂ ਖਾਣਾ' ਦਾ ਜ਼ਿਕਰ ਹੈ। ਨਾ ਹੀ ਉਨ੍ਹਾਂ ਵਿਚ ਮੁਸਲਮਾਨੀ ਕਲਮੇ ਵਾਲੇ ਦਾ,ਨਾ ਹੀ ਕਿਸੇ ਹਿੰਦੂ ਦੇ ਮਾਰੇ ਹੋਏ ਦਾ ਅਤੇ ਨਾ ਹੀ ਝਟਕੇ ਦਾ ਕੋਈ ਜ਼ਿਕਰ ਮਿਲਦਾ ਹੈ। 'ਕੁੱਠਾ ਨਹੀਂ ਖਾਣਾ' ਵਾਕ ਦੇ ਮਨ-ਘੜਤ ਅਰਥ ਕੀਤੇ ਗਏ ਹੋਏ ਹਨ।

ਰਹਿਤਨਾਮਿਆਂ ਵਿਚ ਹੁਕਮ ਹੈ ਕਿ ਕੁਠਾ ਨਹੀਂ ਖਾਣਾ। ਇਸ ਦਾ ਭਾਵ ਹੈ ਕਿ ਮਾਸ ਨਹੀਂ ਖਾਣਾ। ਓਦੋਂ ਝਟਕਾ ਪਰਚਲਤ ਹੀ ਨਹੀਂ ਸੀ ਅਤੇ ਮੁਸਲਮਾਨੀ ਸ਼ਰ੍ਹਾ ਵਾਲਾ ਹਲਾਲ ਹੀ ਆਮ ਸੀ, ਜੋ ਹਿੰਦੂ ਵੀ ਖਾਣ ਲਗ ਪਏ ਸਨ। ਸੋ ਸਤਿਗੁਰੂ ਜੀ ਨੇ ਸਿਖਾਂ ਨੂੰ ਕੁੱਠਾ (ਮਾਸ ਖਾਣ) ਤੋਂ ਰੋਕਿਆ ਹੈ। ਬਾਅਦ ਵਿਚ ਸਿਖਾਂ ਨੇ ਜੀਭ ਦੇ ਚਸਕੇ ਖ਼ਾਤਰ ਅਤੇ ਮੁਸਲਮਾਨਾਂ ਦੀ ਸ਼ਰ੍ਹਾ ਦੇ ਮੁਕਾਬਲੇ ਵਿਚ ਝਟਕਾ ਮਾਸ ਪਰਚਲਤ ਕਰ ਲਿਆ ਜਾਪਦਾ ਹੈ।

ਭਾਈ ਗੁਰਦਾਸ ਜੀ ਨੇ 'ਕੜਾਹ ਪ੍ਰਸ਼ਾਦ' ਨੂੰ 'ਮਹਾਂ ਪ੍ਰਸ਼ਾਦ' ਲਿਖਿਆ ਹੈ, ਪਰ ਫਿਟੀ ਹੋਈ ਮੱਤ ਵਾਲੇ ਲੋਕ ਘ੍ਰਿਣਤ ਵਸਤੂ 'ਮਾਸ' ਨੂੰ 'ਮਹਾਂ ਪ੍ਰਸ਼ਾਦ' ਆਖਣ ਲਗ ਪਏ। ਕਿਥੇ ਮਹਾਂ ਉਤਮ ਅੰਮ੍ਰਿਤ ਵਸਤੂ ਪੰਚਾ-ਅੰਮ੍ਰਿਤ ਕੜਾਹ ਪ੍ਰਸ਼ਾਦ ਅਤੇ ਕਿਥੇ ਹੱਡ ਮਾਸ ਰਕਤ ਵਰਗੀ ਘ੍ਰਿਣਤ ਤੇ ਦੁਰਗੰਧਤ ਵਸਤੂ ? ਇਸ ਨੂੰ 'ਪ੍ਰਸ਼ਾਦ' ਕਹਿਣਾ ਹੀ ਮਹਾਂ ਪਾਪ ਹੈ। ਪ੍ਰਸ਼ਾਦ ਤਾਂ ਸਾਹਿਬਾਂ ਦੀ 'ਬਖ਼ਸ਼ਸ਼' ਹੈ। ਤ੍ਰਿਹਾਵਲ ਦੀ ਸੁਗੰਧੀ ਦੀਆਂ ਲਪਟਾਂ ਨਾਮ ਸਿਮਰਨ ਵਾਲੇ ਸੁਰਤੀਸ਼ਰ ਜਨ ਹੀ ਜਾਣਦੇ ਹਨ ਕਿ ਇਨ੍ਹਾਂ ਲਪਟਾਂ ਤੋਂ ਕਿਵੇਂ ਰਹਿਨੁਮਾਈ ਮਿਲਦੀ ਹੈ।

ਜਿਵੇਂ ਮਾਸ ਦੇ ਚਸਕੇਬਾਜ਼ ਇਸ ਨੂੰ 'ਮਹਾਂ ਪ੍ਰਸ਼ਾਦ' ਕਹਿਣ ਲਗ ਪਏ ਹਨ ਅਤੇ ਇਹ ਉਤਮ ਸ਼ਬਦ ਗ਼ਲਤ ਅਰਥਾਂ ਵਿਚ ਪਰਚਲਤ ਹੋ ਰਿਹਾ ਹੈ, ਇਸੇ ਤਰ੍ਹਾਂ ਹੀ 'ਝਟਕਾ' ਸ਼ਬਦ ਭੀ ਗੁਰੂ ਸਾਹਿਬਾਂ ਤੋਂ ਪਿਛੋਂ ਮੁਸਲਮਾਨੀ ਹਲਾਲ ਦੇ ਮੁਕਾਬਲੇ ਵਿਚ ਬਣਾ ਕੇ ਪਰਚਲਤ ਕੀਤਾ ਗਿਆ ਹੈ।

'ਕੁੱਠਾ' ਸ਼ਬਦ ਦੇ ਗ਼ਲਤ ਅਰਥ ਪਰਚਲਤ ਹੋ ਜਾਣ ਕਾਰਨ ਸਾਡੇ ਕਈ ਟੀਕਾਕਾਰ ਵੀ ਭੁਲੇਖੇ ਵਿਚ ਪੈ ਗਏ ਹਨ। ਇਸ ਗ਼ਲਤ ਰੋਸ਼ਨੀ ਦੇ ਅਧੀਨ ਗੁਰਬਾਣੀ ਅੰਦਰ ਮਾਸ ਪ੍ਰਥਾਇ ਆਏ ਹੁਕਮਾਂ ਦੇ ਅਰਥ ਵੀ ਟੀਕਾਕਾਰਾਂ ਨੇ ਮਰੋੜ ਤਰੋੜ ਕੇ ਕਰਨ ਦੀ ਕੋਸ਼ਸ਼ ਕੀਤੀ ਹੈ। ਇਸ ਸਮੇਂ ਦੇ ਪ੍ਰਸਿਧ ਟੀਕਾਕਾਰ ਪ੍ਰੋਫੈਸਰ ਸਾਹਿਬ ਸਿੰਘ ਜੀ ਵੀ ਇਸੇ ਉਲਝਣ ਵਿਚ ਫਸੇ ਹੋਏ ਜਾਪਦੇ ਹਨ। ਉਹ 'ਸਲੋਕ ਕਬੀਰ ਸਟੀਕ' ਪੁਸਤਕ ਵਿਚ "ਭਾਂਗ ਮਾਛੁਲੀ ਸੁਰਾਪਾਨਿ" ਵਾਲੇ ਸਲੋਕ ਦੇ ਅਰਥ ਕਰਨ ਲਗਿਆਂ ਐਸੀ ਜਿਲ੍ਹਣ ਵਿਚ ਫਸ ਗਏ ਜਾਪਦੇ ਹਨ ਜਿਸ ਵਿਚੋਂ ਨਿਕਲਣ ਦਾ ਜਿਉਂ ਜਿਉਂ ਉਹ ਜਤਨ ਕਰਦੇ ਰਹੇ ਤਿਉਂ ਤਿਉਂ ਵਧੇਰੇ ਫਸਦੇ ਗਏ। ਉਨ੍ਹਾਂ ਨੇ ਇਸ ਦੇ ਅਰਥ ਕਰਨ ਤੋਂ ਪਹਿਲਾਂ ਪੁਸਤਕ ਦੇ ਮੁਢਲੇ ਸਫ਼ਿਆਂ ਵਿਚ ਮਾਸ ਦੀ ਵਿਆਖਿਆ ਕਰਦਿਆਂ ਬੜਾ ਕੁਝ ਲਿਖਿਆ ਅਤੇ ਫਿਰ ਅਰਥਾਂ ਵਾਲੀ ਥਾਂ ਤੇ ਇਨ੍ਹਾਂ ਦੋਹਾਂ ਪੰਕਤੀਆਂ ਬਾਰੇ ਕਈ ਸਫ਼ੇ ਲਿਖ ਕੇ ਵੀ ਆਪਣੇ ਮਨ ਦੀ ਤਸੱਲੀ ਨਾ ਕਰ ਸਕੇ। ਉਨ੍ਹਾਂ ਨੇ ਪਿਛਲੇ ਸਲੋਕਾਂ ਨਾਲ ਇਸ ਸਲੋਕ ਦੇ ਅਰਥ ਜੋੜਨ ਦਾ ਨਿਰਾਰਥ ਜਤਨ ਕੀਤਾ ਹੈ ਤੇ ਅਖ਼ੀਰ ਵਿਚ ਸਾਰ ਸਿੱਟਾ ਇਉਂ ਕਢਦੇ ਹਨ —

"ਲਫ਼ਜ਼ ਭਾਂਗ, ਮਾਛੁਲੀ ਅਤੇ ਸੁਰਾ ਤੋਂ ਭਾਵ ਇਹ ਨਹੀਂ ਲੈਣਾ ਕਿ ਕਬੀਰ ਜੀ ਸਿਰਫ਼ ਭੰਗ ਤੇ ਸ਼ਰਾਬ ਤੋਂ ਰੋਕਦੇ ਹਨ, ਤੇ ਪੋਸਤ ਅਫ਼ੀਮ ਦੀ ਮਨਾਹੀ ਨਹੀਂ ਕਰਦੇ। ਇਸੇ ਤਰ੍ਹਾਂ ਇਹ ਗੱਲ ਭੀ ਨਹੀਂ ਕਿ ਇਥੇ ਮੱਛੀ ਮਾਸ ਖਾਣ ਤੋਂ ਰੋਕ ਰਹੇ ਹਨ। ਸਾਰੇ ਪਰਸੰਗ ਨੂੰ ਰਲਾ ਕੇ ਪੜ੍ਹੋ। ਸਤਸੰਗ ਭੀ ਕਰਨਾ ਤੇ ਵਿਕਾਰ ਭੀ ਕਰੀ ਜਾਣੇ—ਕਬੀਰ ਜੀ ਇਸ ਕੰਮ ਤੋਂ ਵਰਜਦੇ ਹਨ। ਕਾਮੀ ਲੋਕ ਆਮ ਤੌਰ ਤੇ ਸ਼ਰਾਬ ਮਾਸ ਵਰਤ ਕੇ ਕਾਮ-ਵਾਸ਼ਨਾ, ਵਿਭਚਾਰ ਵਿਚ ਪਰਵਿਰਤ ਹੁੰਦੇ ਹਨ ਤੇ ਮੱਛੀ ਦਾ ਮਾਸ ਚੂੰਕਿ ਕਾਮ-ਰੁਚੀ ਵਧੀਕ



www.AKJ.Org

ਪੈਦਾ ਕਰਨ ਵਿਚ ਪਰਸਿਧ ਹੈ ਇਸ ਵਾਸਤੇ ਕਬੀਰ ਜੀ ਨੇ ਸ਼ਰਾਬ ਭੰਗ ਮੱਛੀ ਲਫ਼ਜ਼ ਵਰਤੇ ਹਨ।''

ਆਪ ਜੀ ਇਨ੍ਹਾਂ ਤੁਕਾਂ ਦੇ ਅਰਥ ਇਉਂ ਕਰਦੇ ਹਨ —

"ਹੇ ਕਬੀਰ ! ਜੋ ਲੋਕ 'ਭਗਤਨ ਸੇਤੀ ਗੋਸਟੇ' ਕਰ ਕੇ ਤੀਰਥ-ਜਾਤ੍ਰਾ, ਵਰਤ ਨੇਮ ਆਦਿਕ ਭੀ ਕਰਦੇ ਹਨ, ਤੇ ਉਹ ਸ਼ਰਾਬੀ ਲੋਕ ਭੰਗ ਮੱਛੀ ਭੀ ਖਾਂਦੇ ਹਨ (ਭਾਵ, ਸਤਸੰਗ ਵਿਚ ਭੀ ਜਾਂਦੇ ਹਨ ਤੇ ਸ਼ਰਾਬ ਕਬਾਬ ਭੀ ਖਾਂਦੇ ਪੀਂਦੇ ਹਨ, ਵਿਕਾਰ ਭੀ ਕਰਦੇ ਹਨ) ਉਨ੍ਹਾਂ ਦੇ ਉਹ ਤੀਰਥ ਵਰਤ ਆਦਿਕ ਵਾਲੇ ਸਾਰੇ ਕਰਮ ਬਿਲਕੁਲ ਵਿਅਰਥ ਜਾਂਦੇ ਹਨ। ੨੩੩।''

ਇਸ ੨੩੩ ਨੰਬਰ ਸਲੋਕ ਦੇ ਭਾਵ ਨੂੰ ਅਗਲੇ ੨੩੪ ਨਾਲ ਜੋੜਨ ਦਾ ਮਨ-ਘੜਤ ਜਤਨ ਕੀਤਾ ਗਿਆ ਹੈ, ਹਾਲਾਂਕਿ ਉਹ ਸਲੋਕ ਬਿਲਕੁਲ ਸੁਤੰਤਰ ਤੇ ਨਿਵੇਕਲੇ ਰੂਪ ਵਿਚ ਆਪਣੀ ਥਾਂ ਆਪ ਹੈ। ਉਸ ਸਲੋਕ ਵਿਚ ਪ੍ਰਭੂ-ਰੰਗ ਵਿਚ ਰੰਗੀਜੇ ਜੀਵ ਦੀ ਰੰਗ-ਰਤੜੀ ਦਸ਼ਾ ਦਾ ਅਲੌਕਿਕ ਵਰਨਣ ਹੈ, ਜਿਸ ਨੂੰ ਪਿਛਲੇ ਸਲੋਕ ਦੇ ਭਾਵ ਵਿਚ ਲਪੇਟ ਕੇ ਖ਼ਾਹ ਮਖ਼ਾਹ ਬੇਸੁਆਦਾ ਕੀਤਾ ਗਿਆ ਹੈ। ਇਹ ਸਲੋਕ ਇਉਂ ਹੈ —

ਨੀਚੇ ਲੋਇਨ ਕਰਿ ਰਹਉ, ਲੇ ਸਾਜਨ ਘਟ ਮਾਹਿ ॥ ਸਭ ਰਸ ਖੇਲਉ ਪੀਅ ਸਉ, ਕਿਸੀ ਲਖਾਵਉ ਨਾਹਿ ॥੨੩੪॥

ਇਸ ਦੇ ਅਰਥ ਪ੍ਰੋਫ਼ੈਸਰ ਸਾਹਿਬ ਸਿੰਘ ਇਉਂ ਕਰਦੇ ਹਨ—

"(ਹੇ ਮੇਰੀ ਸਤਿਸੰਗਣ ਸਹੇਲੀਏ ! ਜਦੋਂ ਦੀ ਮੈਨੂੰ 'ਸਾਧ ਸੰਗੁ ਪਰਾਪਤੀ' ਹੋਈ ਹੈ, ਮੈਂ 'ਭਗਤਨ ਸੇਤੀ ਗੋਸਟੇ' ਹੀ ਕਰਦੀ ਹਾਂ। ਇਸ 'ਸਾਧੂ ਸੰਗ' ਦੀ ਬਰਕਤ ਨਾਲ) ਪਿਆਰੇ ਪ੍ਰਭੂ-ਪਤੀ ਨੂੰ ਆਪਣੇ ਹਿਰਦੇ ਵਿਚ ਸਾਂਭ ਕੇ (ਇਨ੍ਹਾਂ 'ਭਾਂਗ, ਮਾਛੁਲੀ, ਸੁਰਾ' ਆਦਿਕ ਵਿਕਾਰਾਂ ਵਲੋਂ) ਮੈਂ ਆਪਣੀਆਂ ਅੱਖਾਂ ਨੀਵੀਆਂ ਕਰੀ ਰਖਦੀ ਹਾਂ; (ਦੁਨੀਆ ਦੇ ਇਨ੍ਹਾਂ ਰਸਾਂ ਨਾਲ ਖੇਡਾਂ ਖੇਡਣ ਦੇ ਥਾਂ) ਮੈਂ ਪ੍ਰਭੂ-ਪਤੀ ਨਾਲ ਸਾਰੇ ਰੰਗ ਮਾਣਦੀ ਹਾਂ; (ਇਹ ਭੇਤ) ਕਿਸੇ ਨੂੰ ਨਹੀਂ ਦਸਦੀ ।੨੩੪।

ਆਪ ਜੀ ਨੇ ਇਹ ਦਸਣ ਦਾ ਯਤਨ ਕੀਤਾ ਹੈ ਕਿ ਇਨ੍ਹਾਂ ਸਲੋਕਾਂ ਵਿਚ ਮੱਛੀ ਮਾਸ ਆਦਿ ਖਾਣ ਤੋਂ ਨਹੀਂ ਰੋਕਿਆ ਹੈ, ਸਗੋਂ ਵਿਕਾਰ ਕਰਨ ਤੋਂ ਰੋਕਿਆ ਹੈ। ਮਾਸ ਸ਼ਰਾਬ ਆਦਿ ਵਿਕਾਰ ਪੈਦਾ ਕਰਨ ਵਾਲੀਆਂ ਚੀਜ਼ਾਂ ਹਨ, ਇਸ ਕਰਕੇ ਸਤਸੰਗ ਕਰਨ ਦੇ ਨਾਲ ਨਾਲ ਵਿਕਾਰ ਕਰਨੇ, ਅਤੇ ਤੀਰਥ ਵਰਤ ਆਦਿ ਕਰਮਾਂ ਦੇ ਨਾਲ ਵਿਕਾਰ ਕਰੀ ਜਾਣੇ ਮਾੜੇ ਹਨ।

ਇਕ ਵੇਰ ਤਾਂ ਕਹਿੰਦੇ ਹਨ ਕਿ ਮੱਛੀ, ਮਾਸ ਸ਼ਰਾਬ ਆਦਿ ਖਾਣ ਤੋਂ ਨਹੀਂ ਰੋਕਿਆ ਤੇ ਦੂਜੀ ਵੇਰ ਕਹਿੰਦੇ ਹਨ ਕਿ ਭਾਂਗ, ਮਾਛੁਲੀ, ਸੁਰਾ ਆਦਿ ਵਿਕਾਰ ਹਨ।

ਸੋ ਇਸ ਤੋਂ ਆਪਣੇ ਆਪ ਹੀ ਸਪੱਸ਼ਟ ਹੋ ਗਿਆ ਕਿ ਮਾਸ ਸ਼ਰਾਬ ਮੱਛੀ ਆਦਿ ਵਰਤਣੇ ਵਿਕਾਰਾਂ ਵਿਚ ਪਰਵਿਰਤ ਹੋਣਾ ਹੈ ਅਤੇ ਵਿਕਾਰ ਕਰਨ ਦੀ ਸਖ਼ਤ ਮਨਾਹੀ ਹੈ। ਫਿਰ ਇਹ ਗੱਲ ਸਾਫ਼ ਹੋ ਗਈ ਕਿ ਮਾਸ ਮੱਛੀ ਸ਼ਰਾਬ ਦੀ ਮਨਾਹੀ ਹੈ।

ਨਾਮ-ਰਸ ਤੋਂ ਸੁੰਞੇ ਹਿਰਦਿਆਂ ਵਾਲੇ ਪੁਰਸ਼ ਆਪ ਭੀ ਟਪਲੇ ਖਾਂਦੇ ਹਨ ਅਤੇ ਪੁੱਠੇ ਸਿੱਧੇ ਮਨ-ਘੜਤ ਅਰਥ ਕਰ ਕੇ ਭੋਲੀ ਭਾਲੀ ਲੁਕਾਈ ਨੂੰ ਵੀ ਔਝੜੇ ਪਾਉਂਦੇ ਹਨ। ਜਿਵੇਂ ਚੜ੍ਹਿਆ ਸੂਰਜ ਲੁਕਾਇਆ ਨਹੀਂ ਜਾ ਸਕਦਾ, ਇਸੇ ਤਰ੍ਹਾਂ ਗੁਰਬਾਣੀ ਦੇ ਭਾਵਾਂ ਨੂੰ ਮਰੋੜ ਤਰੋੜ ਕੇ ਪੇਸ਼ ਕਰਨ ਨਾਲ,ਅਸਲੀਅਤ ਨੂੰ ਛੁਪਾਇਆ ਨਹੀਂ ਜਾ ਸਕਦਾ। ਭਾਵ, ਸੱਚ ਸੌ ਪਰਦੇ ਪਾੜ ਕੇ ਵੀ ਪਰਗਟ ਹੋ ਜਾਂਦਾ ਹੈ। ਗੁਰਬਾਣੀ ਦੀ ਥੋੜੀ ਜਿਹੀ ਸੂਝ ਬੂਝ ਰਖਣ ਵਾਲਾ ਵੀ ਇਹ ਸਮਝ ਜਾਂਦਾ ਹੈ ਕਿ ਗੁਰਬਾਣੀ ਮਾਸ ਮੱਛੀ ਸ਼ਰਾਬ ਆਦਿਕ ਵਿਕਾਰਾਂ ਦੇ ਸੇਵਨ ਤੋਂ ਥਾਂ ਥਾਂ ਵਰਜਦੀ ਹੈ।

ਤਾਂ ਤੇ ਇਹ ਗੱਲ ਦ੍ਰਿੜ੍ਹ ਕਰ ਕੇ ਸਮਝ ਲੈਣੀ ਚਾਹੀਦੀ ਹੈ ਕਿ ਅਜਿਹੇ ਗਲਵਢ ਹਤਿਆ ਕਮਾਉਣ ਵਾਲੇ ਕਰਮ ਕਰਨ ਨਾਲ ਅਤੇ "ਹੇਰਾ (ਸ਼ਿਕਾਰ ਦਾ ਮਾਸ) ਰੋਟੀ ਕਾਰਨੇ'' ਗਲਾ ਕਟਾਉਣਾ ਪੈਂਦਾ ਹੈ, ਤਾਂ ਫਿਰ —

ਜਿਤੁ ਕੀਤਾ ਪਾਈਐ ਆਪਣਾ, ਸਾ ਘਾਲ ਬੁਰੀ ਕਿਉ ਘਾਲੀਐ ॥ ਮੰਦਾ ਮੂਲਿ ਨ ਕੀਚਈ, ਦੇ ਲੰਮੀ ਨਦਰਿ ਨਿਹਾਲੀਐ ॥ [ਆਸਾ ਦੀ ਵਾਰ,੪੭੪



www.AKJ.Org

# ਰਹਿਤ ਰਹਿਣੀ ਵਾਲਾ ਜੀਵਨ

[ ਵਲੋਂ—ਸ: ਮਾਲਕ ਸਿੰਘ ਜੀ ਕੈਮੀਕਲ ਇਨਚਾਰਜ, ਜੰਮੂ ]

ਮੇਰਾ ਸਰੀਰ ਕੰਬ ਉਠਿਆ, ਕੁਝ ਹਲੂਣਾ ਜਿਹਾ ਆਇਆ ਅਤੇ ਨੇਤਰ ਸਜਲ ਹੋ ਗਏ ਜਦੋਂ ਮੈਂ ਅਮ੍ਰੀਕਨ ਸਜੇ ਸਿੰਘਾਂ ਦਾ ਕੁਝ ਕੁ ਬ੍ਰਿਤਾਂਤ 'ਸੂਰਾ' ਮੈਗਜ਼ੀਨ ਵਿਚ ਪੜ੍ਹਿਆ। ਦਿਲ ਵਿਚ ਇਤਨੀ ਤੜਪ ਉਠੀ ਕਿ ਇਸ ਲੇਖ ਨੂੰ ਕਈ ਵਾਰੀ ਪੜ੍ਹਿਆ। ਪੜ੍ਹਦੇ ਪੜ੍ਹਦੇ ਮੇਰੀਆਂ ਅੱਖਾਂ ਦੇ ਸਾਮ੍ਹਣੇ ਅਮ੍ਰੀਕਨ ਸਿੰਘਾਂ ਦੇ ਜੀਵਨ ਦੇ ਨਾਲ ਨਾਲ ਦੋ ਵਿਚਾਰ-ਧਾਰਾਂ ਚਲ ਉਠੀਆਂ। ਪਹਿਲੀ ਤਾਂ ਇਹ ਸੀ ਕਿ ਕੀ ਅਸੀਂ ਸਿਖ ਹਾਂ ? ਕੀ ਸਾਡਾ ਪਹਿਰਾਵਾ, ਰਹਿਣ ਸਹਿਣ, ਖਾਣ-ਪਾਣ, ਵਰਤਨ-ਵਰਤਾਣ, ਕਾਰੋਬਾਰ ਗੁਰਮਤਿ ਅਨੁਸਾਰ ਹੈ ? ਕੀ ਹੁਣ ਸਿੱਖੀ ਅਮ੍ਰੀਕਾ ਵਿਚੋਂ ਇਧਰ ਆਏਗੀ ? ਕੀ ਅਮ੍ਰੀਕਨ ਸਿੰਘ ਸਿੰਘਣੀਆਂ ਦਾ ਸਾਬਤ ਸੂਰਤ ਦਸਤਾਰ ਵਾਲਾ ਲਿਬਾਸ ਕੋਈ ਨਵੀਂ ਦੇਣ ਹੈ ? ਜਿਥੇ ਇਹੋ ਜਿਹੇ ਪ੍ਰਸ਼ਨਾਂ ਦੀ ਘੁੰਮਣਘੇਰੀ ਵਿਚ ਮਨ ਪਿਆ ਹੋਇਆ ਸੀ ਉਥੇ ਦੂਜੇ ਪਾਸੇ ਮਨ ਵਿਚੋਂ, ਪੰਥ ਦੀ ਮਹਾਨ ਹਸਤੀ, ਸੋਨੇ ਦੀ ਚਿੜੀ, ਨਾਮ-ਖੁਮਾਰੀ ਵਿਚ ਸਦਾ ਲਿਵਲੀਨ ਰਹਿਣ ਵਾਲੀ, ਰੰਗ-ਰਤੜੀ ਗੁਰਮੁਖ ਰੂਹ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਪ੍ਰਤਿ ਬਾਰ ਬਾਰ ਧੰਨਤਾ ਦੀ ਆਵਾਜ਼ ਉਠ ਰਹੀ ਸੀ ਤੇ ਮਨ ਨੇ ਇਹ ਫ਼ੈਸਲਾ ਦਿਤਾ ਕਿ ਆਖ਼ਿਰ ਅਮ੍ਰੀਕਨ ਸਿੰਘ-ਸਿੰਘਣੀਆਂ ਦਾ ਪਹਿਰਾਵਾ, ਮਾਸ ਸ਼ਰਾਬ ਤੋਂ ਪਰਹੇਜ਼, ਸਾਬਤ ਸੂਰਤ, ਦਸਤਾਰ ਅਤੇ ਹੋਰ ਗੁਰਮਤਿ ਅਸੂਲ, ਜਿਨ੍ਹਾਂ ਦਾ ਪ੍ਰਭਾਵ ਕਾਨਪੁਰ ਵਿਖੇ ਹੋਈ ਵਿਦਿਅਕ ਕਾਨਫ੍ਰੰਸ ਵਿਖੇ ਸੰਗਤਾਂ ਤੇ ਪਿਆ, ਕੀ ਇਸੇ ਹੀ ਗੁਰਮਤਿ ਦਾ ਸਹੀ ਪ੍ਰਚਾਰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਅਸਹਿ ਤੇ ਅਕਹਿ ਕਸ਼ਟ ਸਹਾਰਦਿਆਂ ਹੋਇਆਂ ਨਹੀਂ ਸੀ ਕੀਤਾ। ਅਸਲ ਗੁਰਮਤਿ ਤਾਂ ਇਹ ਹੀ ਹੈ, ਜਿਸ ਦਾ ਪ੍ਰਤਖ ਸਬੂਤ ਅਖੰਡ ਕੀਰਤਨੀ ਜਥੇ ਵਿਚ ਦੇਖਿਆ ਜਾ ਸਕਦਾ ਹੈ ਅਤੇ ਇਹੋ ਤਤ ਗੁਰਮਤਿ ਰਹਿਤ ਰਹਿਣੀ ਦੇਸਾਂ ਪ੍ਰਦੇਸਾਂ ਵਿਚ ਬੈਠੇ ਜਥੇ ਦੇ ਸਿੰਘਾਂ ਵਿਚ ਵੇਖੀ ਜਾਂਦੀ ਹੈ। ਸਿਖ ਜਗਤ ਵਿਚ ਅਮ੍ਰੀਕਨ ਸਜੇ ਸਿੰਘ ਸਿੰਘਣੀਆਂ ਦੀ ਰਹਿਤ ਰਹਿਣੀ ਤੇ ਪਹਿਰਾਵਾ ਬੜੀ ਅਸਚਰਜਤਾ ਨਾਲ ਵੇਖਿਆ ਜਾਂਦਾ ਹੈ। ਪਰ ਕੀ ਇਹ ਰਹਿਤ ਰਹਿਣੀ ਕੋਈ ਨਵੀਨ ਕਾਢ ਹੈ, ਜੋ ਉਨ੍ਹਾਂ ਆਪੇ ਬਣਾ ਲਈ ਹੈ ?

ਅਮ੍ਰੀਕਨ ਸਿੰਘ ਸਿੰਘਣੀਆਂ ਨੇ ਗੁਰੂ ਦਰਸਾਈ ਰਹਿਤ-ਰਹਿਣੀ ਤੇ ਮਰਯਾਦਾ ਨੂੰ ਹੀ ਅਪਣਾਇਆ ਹੈ। ਸਤਿਗੁਰੂ ਦੀ ਬਖ਼ਸ਼ਸ਼ ਤੇ ਤੇਜ ਪ੍ਰਤਾਪ ਖ਼ਾਲਸਾ ਜੀ ਦੇ ਨਿਆਰੇਪਣ ਵਿਚ ਹੀ ਵਰਤਦਾ ਹੈ। ਸਤਿਗੁਰੂ ਜੀ ਨੇ ਖ਼ਾਲਸਾ ਪੰਥ ਸਾਰੇ ਸੰਸਾਰ ਦੇ ਧਰਮਾਂ ਨਾਲੋਂ ਨਿਆਰਾ ਅਤੇ ਵਿਲੱਖਣ ਹੀ ਸਾਜਿਆ ਹੈ, ਜੋ ਹੋਰ ਕਿਸੇ ਵਿਚ ਮਿਲਗੋਭਾ ਨਹੀਂ ਹੋ ਸਕਦਾ। ਹੁਕਮ ਹੈ —

ਜਬ ਲਗ ਰਹੈ ਖ਼ਾਲਸਾ ਨਿਆਰਾ।
ਤਬ ਲਗ ਤੇਜ ਦੀਓ ਮੈਂ ਸਾਰਾ।
ਜਬ ਇਹ ਗਹੈ ਬਿਪਰਨ ਕੀ ਰੀਤ।
ਮੈਂ ਨ ਕਰੋਂ ਇਨ ਕੀ ਪ੍ਰਤੀਤ।

ਸਤਿਗੁਰਾਂ ਦਾ ਬਖ਼ਸ਼ਿਆ ਹੋਇਆ ਨਿਆਰਾਪਣ ਛਡ ਕੇ ਅਸੀਂ 'ਬਿਪਰਨ ਕੀ ਰੀਤ' ਵਿਚ ਉਲਝ ਰਹੇ ਹਾਂ। ਫਿਰ ਸਤਿਗੁਰਾਂ ਦਾ ਬਖ਼ਸ਼ਿਆ ਤੇਜ ਪ੍ਰਤਾਪ ਕਿਵੇਂ ਪ੍ਰਾਪਤ ਹੋਵੇ ? ਅਜ ਸਾਡੇ ਆਗੂ ਗੁਰਮਤਿ ਦਾ ਪ੍ਰਚਾਰ ਅਖੌਤੀ ਤੌਰ ਤੇ ਤਾਂ ਬੜਾ ਕਰ ਰਹੇ ਹਨ, ਪਰ ਉਹ ਸਭ ਮਨ-ਮਤੀ ਅਤੇ ਆਪ-ਹੁਦਰਾ ਹੈ। ਪਰਚਾਰ ਉਹੀ ਦਰੁਸਤ ਹੈ ਜੋ ਗੁਰਮਤਿ ਦੀ ਸੇਧ ਅੰਦਰ ਕੀਤਾ ਜਾਵੇ। ਗੁਰਮਤਿ-ਪਰਚਾਰ ਲਈ ਸਭ ਤੋਂ ਮੁਢਲੀ ਸ਼ਰਤ ਇਹ ਹੈ ਕਿ ਪਰਚਾਰਕ ਆਪ ਅਮਲੀ ਜੀਵਨ ਵਾਲਾ ਪੂਰਨ ਗੁਰਮਤਿ ਦਾ ਧਾਰਨੀ ਹੋਵੇ, ਨਾਮ-ਅਭਿਆਸੀ ਤੇ ਅੰਮ੍ਰਿਤ ਵੇਲੇ ਦੀ ਸੰਭਾਲ ਕਰਨ ਵਾਲਾ ਹੋਵੇ, ਕਥਨੀ ਅਤੇ ਕਰਣੀ ਦਾ ਸੂਰਾ ਹੋਵੇ, ਭਾਵ ਜਿਹੜੀ ਗੱਲ ਮੁਖੋਂ ਕਹਿੰਦਾ ਹੋਵੇ ਉਸ ਤੇ ਆਪ ਵੀ ਅਮਲ ਕਰਦਾ ਹੋਵੇ।

ਫੋਕੀਆਂ ਲੈਕਚਰ-ਬਾਜ਼ੀਆਂ ਤੇ ਅਖੌਤੀ ਧਾਰਮਕ ਫ਼ਿਲਮਾਂ ਵਿਖਾਣ ਨਾਲ ਕੌਮ ਦਾ ਕੁਝ ਨਹੀਂ ਸੁਧਰ ਸਕਣਾ, ਸਗੋਂ ਪਰਤੱਖ ਵਿਗਾੜ ਹੀ ਹੋ ਰਿਹਾ ਹੈ। ਇਸ ਵਿਗੜੇ ਹੋਏ ਵਾਤਾਵਰਨ ਨੂੰ ਜੇ ਕੋਈ ਚੀਜ਼ ਸੁਧਾਰ



www.AKJ.Org

ਸਕਦੀ ਹੈ ਤਾਂ ਉਹ ਨਾਮ ਸਿਮਰਨ ਦੀਆਂ ਕਮਾਈਆਂ ਕਰ ਕੇ ਉਚੇ ਸੁੱਚੇ ਜੀਵਨ ਦੇ ਪੂਰਨੇ ਪਾਉਣਾ ਹੀ ਹੈ। ਖ਼ਰਬੂਜ਼ੇ ਨੂੰ ਵੇਖ ਕੇ ਹੀ ਖ਼ਰਬੂਜ਼ਾ ਰੰਗ ਪਕੜਦਾ ਹੈ। ਉਚੇ ਸੁੱਚੇ ਧਾਰਮਕ ਜੀਵਨ ਤੇ ਆਤਮਾ ਦੀ ਉਚੀ ਅਵਸਥਾ ਦਾ ਕਰੰਟ ਆਸ ਪਾਸ ਵਿਚਰਨ ਵਾਲੀਆਂ ਰੂਹਾਂ ਤੇ ਅਵੱਸ਼ ਪੈਂਦਾ ਹੈ। ਅੰਮ੍ਰਿਤ-ਦ੍ਰਿਸ਼ਟੀ ਦੇ ਤੀਰ ਪਾਰਸ-ਕਲਾ ਵਰਤਾਉਂਦੇ ਹਨ ਅਤੇ ਇਸ ਤਰ੍ਹਾਂ ਜਿਸ ਜੀਵ ਤੇ ਵੀ ਅਜਿਹੀ ਅੰਮ੍ਰਿਤ-ਦ੍ਰਿਸ਼ਟੀ ਪੈਂਦੀ ਹੈ, ਉਸ ਦਾ ਅੰਦਰ ਹਿਲਾ ਦਿੰਦੀ ਹੈ ਅਤੇ ਜੀਵਨ-ਪਲਟਾ ਆ ਜਾਂਦਾ ਹੈ। ਬਸ ਇਉਂ ਹੀ ਧਰਮ ਵਲ ਰੁਚੀਆਂ ਪ੍ਰੇਰੀਆਂ ਜਾ ਸਕਦੀਆਂ ਹਨ।

ਸੋ ਲੋੜ ਹੈ ਰਹਿਤ-ਰਹਿਣੀ ਤੇ ਨਾਮ-ਬਾਣੀ ਵਾਲੇ ਸੋਹਣੇ ਅਮਲੀ ਸ੍ਵਛ ਜੀਵਨ ਦੀ, ਮਿੱਠਾ ਬੋਲਣ, ਨਿਵ ਚਲਣ ਤੇ ਹਥੋਂ ਦੇ ਕੇ ਭਲਾ ਮਨਾਣ ਦੀ। ਜਦੋਂ ਅਸੀਂ ਇਸ ਰਹਿਤ-ਰਹਿਣੀ ਨੂੰ ਆਪ ਅਪਣਾਵਾਂਗੇ, ਪੰਜ ਕਕਾਰਾਂ ਨੂੰ ਧਾਰਨ ਕਰਾਂਗੇ, ਖੁਲ੍ਹੇ ਦਾੜ੍ਹਿਆਂ ਨਾਲ ਵਿਚਰਾਂਗੇ, ਅਤੇ ਗੁਰਮੁਖੀ ਲਿਬਾਸ ਧਾਰਨ ਕਰ ਕੇ ਗੁਰਬਾਣੀ ਦੇ ਹੁਕਮਾਂ ਤੇ ਚਲ ਕੇ ਤੁਰਾਂਗੇ ਤਾਂ ਮਾਸ ਸ਼ਰਾਬ ਆਦਿਕ ਵਿਕਾਰ ਆਪੇ ਦੂਰ ਨਸ ਜਾਣਗੇ। ਸਿੱਖੀ ਦੇ ਅਮਲੀ ਜੀਵਨ ਦੀ ਸੁਗੰਧੀ ਨਾਲ ਹੀ ਸਾਰਾ ਸੰਸਾਰ ਸੁਗੰਧਤ ਹੋ ਸਕਦਾ ਹੈ।

# ਵੈਸਾਖੀ ਸ੍ਰੀ ਅਨੰਦਪੁਰ ਸਾਹਿਬ ਵਿਖੇ

## ਸਮੂਹ ਅਖੰਡ ਕੀਰਤਨੀ ਜੱਥੇ ਸੰਸਾਰ ਪੰਥਕ ਸਮੇਲਨ ਵਿਚ ਹਾਜ਼ਰੀਆਂ ਭਰਨਗੇ

## ੧੨ ਅਪ੍ਰੈਲ ਸ਼ਨੀਵਾਰ ਸਵੇਰ ਤੋਂ ੧੪ ਅਪ੍ਰੈਲ ਸਵੇਰ ਤਕ ਕੀਰਤਨ ਹੋਣਗੇ

ਖ਼ਾਲਸੇ ਦੀ ਜਨਮ-ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਐਤਕੀ ਵੈਸਾਖੀ ਸਮੇਂ ਸਮੂਹ ਪੰਥ ਇਕੱਠਾ ਹੋ ਰਿਹਾ ਹੈ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਤਿੰਨੇ ਦਿਨ ਅਖੰਡ ਕੀਰਤਨਾਂ ਦੀ ਸਮੁੱਚੀ ਸੇਵਾ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਕਰਨਗੇ।

## ਕੀਰਤਨ-ਪ੍ਰੋਗਰਾਮ

੧੨, ੧੩ ਤੇ ੧੪ ਅਪ੍ਰੈਲ ਤਿੰਨੇ ਦਿਨ ਸਵੇਰੇ ਤਖ਼ਤ ਸਾਹਿਬ ਦੀ ਹਜ਼ੂਰੀ ਵਿਚ
ਆਸਾ ਦੀ ਵਾਰ ਦੇ ਕੀਰਤਨ (ਤਿੰਨ ਘੰਟੇ)

੧੨ ਅਪ੍ਰੈਲ ਸ਼ਨੀਵਾਰ ਸ਼ਾਮ ਸੋਦਰ ਦੇ ਪਾਠ ਤੇ ਸ਼ਸਤਰਾਂ ਦੇ ਦਰਸ਼ਨ ਤੋਂ ਬਾਅਦ
ਵਿਸ਼ੇਸ਼ ਅਖੰਡ ਕੀਰਤਨ ਸਮਾਗਮ ਰਾਤ ੧੧ ਵਜੇ ਤਕ

**ਰੈਣ-ਸਬਾਈ ਕੀਰਤਨ**—੧੩ ਅਪ੍ਰੈਲ ੧੯੭੫ ਐਤਵਾਰ ਰਾਤ ਨੂੰ ਤਖ਼ਤ ਸ੍ਰੀ ਕੇਸਗੜ੍ਹ ਵਿਖੇ ਰੈਣ-ਸਬਾਈ ਕੀਰਤਨ ਅਰੰਭ ਹੋਣਗੇ, ਜਿਸ ਦੀ ਸਮਾਪਤੀ ੧੪ ਅਪ੍ਰੈਲ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਤੋਂ ਉਪਰੰਤ ਹੋਵੇਗੀ।

ਕਾਰਜ-ਸਾਧਕ ਕਮੇਟੀ ਦੇ ਫ਼ੈਸਲੇ ਅਨੁਸਾਰ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਇਸ ਸਮਾਗਮ ਵਿਚ ਸ਼ਾਮਲ ਹੋ ਰਹੇ ਹਨ। ਦਿਲੀ ਅਖੰਡ ਕੀਰਤਨੀ ਜੱਥੇ ਦੀ ਸਪੈਸ਼ਲ ਬਸ ਗੋਬਿੰਦ ਮਾਰਗ ਦੀ ਯਾਤਰਾ ਕਰਦੀ ਹੋਈ ਸ੍ਰੀ ਅਨੰਦਪੁਰ ਸਾਹਿਬ ਪੁਜੇਗੀ।

ਅਖੰਡ ਕੀਰਤਨੀ ਜੱਥਿਆਂ ਦੀ ਰਿਹਾਇਸ਼ ਤੇ ਲੰਗਰ ਦਾ ਪਰਬੰਧ ਸੰਤ ਹਰਖੋਵਾਲੀਆਂ ਦੇ ਡੇਰੇ ਕੀਤਾ ਜਾਵੇਗਾ। ਸਮੂਹ ਸਿੰਘ ਸਿੰਘਣੀਆਂ ਆਪਣੀ ਲੋੜ ਅਨੁਸਾਰ ਬਿਸਤਰੇ ਅਤੇ ਇਕ ਕੌਲੀ ਗਲਾਸ ਨਾਲ ਲਈ ਆਉਣ ਜੀ।

ਪ੍ਰਾਰਥਕ ਦਾਸਰੇ—ਮੈਂਬਰਾਨ ਕਾਰਜ-ਸਾਧਕ ਕਮੇਟੀ



www.AKJ.Org

# ਬੀਬੀ ਖੇਮੀ ਜੀ

[ ਵਲੋਂ—ਸ: ਵਰਿਆਮ ਸਿੰਘ ਜੀ, ਗਾਂਧੀ ਨਗਰ, ਦਿਲੀ-੩੧ ]

ਮੁਲਤਾਨ ਦੇ ਜ਼ਿਲੇ ਵਿਚ ਤੁਲੰਭਾ ਇਕ ਪਿੰਡ ਹੈ, ਜਿਸ ਨੂੰ ਅਜ ਕਲ੍ਹ ਬਹੁਤਾ ਮਖ਼ਦੂਮਪੁਰ ਕਰਕੇ ਸਦਿਆ ਜਾਂਦਾ ਹੈ। ਇਥੇ ਇਕ ਇਤਿਹਾਸਕ ਗੁਰਦਵਾਰਾ ਹੈ, ਜੋ ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਦੀ ਅਮਿੱਟ ਯਾਦਗਾਰ ਹੈ। ਇਹ ਗੁਰਦਵਾਰਾ ਕਦੀ ਸਜਣ ਠੱਗ ਦਾ ਘਰ ਹੁੰਦਾ ਸੀ, ਜੋ ਗੁਰੂ ਨਾਨਕ ਸਾਹਿਬ ਜੀ ਤੋਂ ਜੀਅ-ਦਾਨ ਲੈ ਕੇ ਗੁਰੂ ਕਾ ਸਿਖ ਬਣਿਆ ਅਤੇ ਉਸ ਦਾ ਘਰ ਸਹੀ ਅਰਥਾਂ ਵਿਚ ਧਰਮ-ਸਾਲਾ ਬਣ ਗਈ। ਸਜਣ ਠੱਗ ਦੇ ਨਾਲ ਹੋਰ ਵੀ ਕਈਆਂ ਦਾ ਭਲਾ ਹੋਇਆ, ਜਿਨ੍ਹਾਂ ਵਿਚੋਂ ਬੀਬੀ ਖੇਮੀ ਦਾ ਨਾਂ ਖ਼ਾਸ ਵਰਨਣ ਯੋਗ ਹੈ।

ਗੁਰੂ ਨਾਨਕ ਦੇਵ ਜੀ ਪਹਿਲੀ ਉਦਾਸੀ ਸਮੇਂ ਜਦੋਂ ਭਾਈ ਮਰਦਾਨੇ ਸਮੇਤ ਤੁਲੰਭੇ ਪੁਜੇ ਤਾਂ ਉਸ ਵੇਲੇ ਦੇ ਸਜਣ ਠੱਗ ਦੇ ਪਾਪੀ ਤੇ ਪਖੰਡੀ ਜੀਵਨ ਬਾਰੇ ਮਹਿਮਾ ਪ੍ਰਕਾਸ਼ ਦਾ ਕਰਤਾ, ਬਾਵਾ ਸਰੂਪ ਦਾਸ ਭਲਾ ਇਉਂ ਲਿਖਦਾ ਹੈ :—

ਬਾਬਾ ਜੀ ਧਰਮਸਾਲ ਮੋ ਆਏ।
ਦੇਖ ਸਜਨ ਸੁਭ ਭੇਖ ਬਨਾਏ॥
ਅੰਤਰ ਕਪਟ ਪਾਪ ਕੀ ਮਤ।
ਬਾਹਰ ਭੇਖ ਦਿਖਾਵੈ ਪਤ ॥੨॥
ਜੋ ਕੋਈ ਤਾ ਕੈ ਘਰ ਆਵੈ।
ਕਰੇ ਟਹਿਲ ਸੁਖ ਭੋਗ ਭੋਗਾਵੈ॥
ਜਾ ਪਹ ਧਨ ਸੰਪੈ ਕੁਛ ਜਾਨੈ।
ਲੇ ਜਾਵੇ ਅੰਤਰ ਕਿਸੀ ਬਹਾਨੈ ॥੩॥
ਗਲਾ ਕਾਟਿ ਕੂਪ ਮੋ ਡਾਰੇ।
ਧਨ ਬਟੋਰ ਕਰ ਅੰਤਰ ਧਾਰੇ॥
ਇਹ ਬਿਧ ਹਤਿਆ ਨਿਤਪ੍ਰਤ ਕਰੇ।
ਕਛੂ ਸੰਕਾ ਮਨ ਮੋ ਨਹੀਂ ਧਰੇ ॥੪॥
ਮਰਦਾਨਾ ਸੰਗ ਸਤਿਗੁਰ ਕੋ ਦੇਖਾ।
ਮਸਤਕ ਚਮਤਕਾਰ ਧਨ ਲੇਖਾ॥
ਅੰਤਰਗਤ ਪ੍ਰਸੰਨ ਮਨ ਭਇਆ।
ਲਾਗਾ ਕਰਨ ਦਇਆ ਅਰ ਮਇਆ ॥੫॥

[ਭਾਗ ਪਹਿਲਾ, ਪੰਨਾ ੪੫-੪੬

ਸਜਣ ਠਗ ਨੇ ਆਪਣੇ ਪਾਸ ਕਈ ਚੇਲੇ ਚੇਲੀਆਂ ਵੀ ਰਖੇ ਹੋਏ ਸਨ, ਜੋ ਉਸ ਦੇ ਪਾਪਾਂ ਦੇ ਭਾਈਵਾਲ ਸਨ। ਉਨ੍ਹਾਂ ਚੇਲੇ ਚੇਲੀਆਂ ਵਿਚੋਂ ਇਕ ਬੀਬੀ ਖੇਮੀ ਸੀ।

ਬੀਬੀ ਖੇਮੀ ਜੀ ਦੀ ਵਾਰਤਾ ਕੁਝ ਇਸ ਤਰ੍ਹਾਂ ਹੈ ਕਿ ਆਪ ਪਹਿਲਾਂ ਇਕ ਸਾਧੂ ਦੀ ਇਸਤ੍ਰੀ ਸੀ। ਇਸ ਕਰਕੇ ਆਪ ਦੀਆਂ ਰੁਚੀਆਂ ਵੀ ਧਾਰਮਕ ਸਨ। ਸਜਣ ਠੱਗ ਨੇ ਆਪ ਦੇ ਪਤੀ ਨੂੰ ਕਿਸੇ ਤਰ੍ਹਾਂ ਕਤਲ ਕਰਾ ਦਿੱਤਾ ਅਤੇ ਆਪ ਨੂੰ ਜ਼ਬਰਦਸਤੀ ਚੁਕ ਲਿਆਂਦਾ। ਆਪ ਨੂੰ ਧਰਮ ਤੋਂ ਡੇਗਣ ਲਈ ਕਈ ਦੁਖ ਤੇ ਤਸੀਹੇ ਦਿਤੇ ਗਏ। ਆਪ ਨੂੰ ਸਿਰ ਤੇ ਪਾਪਾਂ ਦੀ ਗਠੜੀ ਬੰਨ੍ਹਣ ਲਈ ਮਜਬੂਰ ਕੀਤਾ ਗਿਆ। ਪਹਿਲਾਂ ਤਾਂ ਕਈ ਦਿਨ ਅੜੇ ਰਹੇ ਅਤੇ ਹਰ ਮੁਸੀਬਤ ਦਾ ਟਾਕਰਾ ਕਰਨ ਲਈ ਡਟੇ ਰਹੇ, ਪਰ ਅਖ਼ੀਰ ਸਜਣ ਠੱਗ ਦਾ ਜਾਦੂ ਚਲ ਗਿਆ ਅਤੇ ਬੀਬੀ ਖੇਮੀ ਨੂੰ ਭਰਮਾ ਲਿਆ। ਆਪ ਨੇ ਸਜਣ ਠੱਗ ਦੇ ਇਸ਼ਾਰਿਆਂ ਤੇ ਨਚਣਾ ਸ਼ੁਰੂ ਕਰ ਦਿੱਤਾ। ਫਿਰ ਸਜਣ ਠੱਗ ਦੇ ਇਤਨੇ ਖ਼ੈਰਖਾਹ ਬਣੇ ਕਿ ਉਸ ਦੇ ਬਾਕੀ ਸਭ ਚੇਲੇ ਚੇਲੀਆਂ ਨੂੰ ਮਾਤ ਪਾ ਗਏ। ਸਜਣ ਠੱਗ ਵੀ ਬੀਬੀ ਖੇਮੀ ਦੀ ਵਫ਼ਾ-ਦਾਰੀ ਦਾ ਪਾਣੀ ਭਰਦਾ ਸੀ। ਮੁਸਾਫ਼ਰਾਂ ਨੂੰ ਲੁਟਣ ਮਾਰਨ ਤੋਂ ਪਹਿਲਾਂ, ਜੋ ਉਨ੍ਹਾਂ ਦੀ ਅਤਿਥੀ ਦੇ ਤੌਰ ਉਤੇ ਖਾਣ ਪੀਣ ਦੀ ਸੇਵਾ ਕੀਤੀ ਜਾਂਦੀ ਸੀ, ਉਹ ਸਾਰੀ ਬੀਬੀ ਖੇਮੀ ਜੀ ਨਿਭਾਉਣ ਲਗ ਪਏ।

ਹੁਣ ਵੀ ਅਗੇ ਵਾਂਗ ਬੀਬੀ ਖੇਮੀ ਜੀ ਖਾਣ ਪੀਣ ਦੇ ਕਈ ਪਕਵਾਨ ਤਿਆਰ ਕਰਵਾ ਕੇ ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨੇ ਪਾਸ ਲੈ ਗਏ। ਗੁਰੂ ਸਾਹਿਬ ਨੇ ਕਿਹਾ—'ਬੇਟੀ! ਇਹ ਵਾਪਸ ਲੈ ਜਾ। ਅਸਾਂ ਕੁਝ ਅੰਗੀਕਾਰ ਨਹੀਂ ਕਰਨਾ।' ਬੀਬੀ ਖੇਮੀ ਇਹ ਸੁਣ ਕੇ ਬਹੁਤ ਹੈਰਾਨ ਹੋਈ। ਅੱਜ ਉਸ ਦੀ ਜ਼ਿੰਦਗੀ ਵਿਚ ਇਹ ਪਹਿਲਾ ਦਿਨ ਸੀ ਕਿ ਕਿਸੇ ਮੁਸਾਫ਼ਰ ਨੇ ਕੁਝ ਖਾਣ ਤੋਂ ਇਨਕਾਰ ਕੀਤਾ ਹੋਵੇ। ਬੀਬੀ ਜੀ ਨੇ ਬੜੀ ਨਿਮਰਤਾ ਨਾਲ ਬੇਨਤੀ ਕੀਤੀ, "ਤੁਸੀਂ ਖਾਣਾ ਜ਼ਰੂਰ ਛਕੋ। ਇਹ ਕਿਵੇਂ ਹੋ ਸਕਦਾ ਹੈ ਕਿ ਸਾਡੇ ਘਰ ਕੋਈ ਅਤਿਥੀ ਆਉਣ ਅਤੇ ਕੁਝ ਖਾਧੇ ਪੀਤੇ ਬਿਨਾਂ ਚਲੇ ਜਾਣ? ਅਸੀਂ ਇਹ



www.AKJ.Org

ਪਾਪ ਕਿਥੇ ਦਿਆਂਗੇ ?" ਗੁਰੂ ਸਾਹਿਬ ਨੇ ਮਿਹਰ ਦੀ ਨਿਗਾਹ ਸੁਟਦੇ ਹੋਏ ਕਿਹਾ, 'ਜਾਉ ਬੇਟਾ ! ਅਰਾਮ ਕਰੋ। ਜ਼ਿਦ ਨਹੀਂ ਕਰੀਦੀ। ਤੁਹਾਨੂੰ ਕੋਈ ਪਾਪ ਨਹੀਂ ਲਗੇਗਾ।' ਇਹ ਮਿਹਰ ਦੀ ਨਿਗਾਹ ਕੀ ਸੀ ?—

ਕਬੀਰ ਸਤਿਗੁਰ ਸੂਰਮੇ, ਬਾਹਿਆ ਬਾਨੁ ਜੁ ਏਕੁ ॥
ਲਾਗਤ ਹੀ ਭੁਇ ਗਿਰਿ ਪਰਿਆ, ਪਰਾ ਕਰੇਜੇ ਛੇਕੁ ॥੧੯੪॥

ਬੀਬੀ ਖੇਮੀ ਜੀ ਦੇ ਪਾਪ ਕੰਬ ਉਠੇ। ਹੁਣ ਆਪ ਨੂੰ ਰੱਬ ਚੇਤੇ ਆਇਆ। ਗੁਰੂ ਨਾਨਕ ਸਾਹਿਬ ਜੀ ਦੇ ਚਰਨਾਂ ਵਲ ਸੀਸ ਆਪ-ਮੁਹਾਰੇ ਝੁਕ ਗਿਆ। ਸਜਣ ਠੱਗ ਦਾ ਸਾਥ ਦੇ ਕੇ ਮੈਂ ਕਿਤਨੀ ਭਾਰੀ ਗਲਤੀ ਕੀਤੀ ਹੈ, ਇਹ ਅੱਜ ਹੀ ਨਜ਼ਰ ਆਇਆ। ਹੁਣ ਆਪ ਨੇ ਖਾਣ ਪੀਣ ਵਾਲਾ ਸਾਰਾ ਸਮਾਨ ਸਮੇਟਿਆ ਅਤੇ ਵਾਪਸ ਹੋ ਗਏ। ਸਜਣ ਠੱਗ ਨੂੰ ਕਿਹਾ—"ਉਥੇ ਤਾਂ ਕੋਈ ਰੱਬੀ ਨੂਰ ਬਰਸ ਰਿਹਾ ਹੈ। ਚਲ, ਉਥੇ ਉਨ੍ਹਾਂ ਦੇ ਚਰਨਾਂ ਵਿਚ ਅਤੇ ਆਪਣੇ ਪਾਪਾਂ ਦਾ ਪਸ਼ਚਾਤਾਪ ਕਰ। ਤੂੰ ਉਨ੍ਹਾਂ ਦਾ ਕੁਝ ਨਹੀਂ ਵਿਗਾੜ ਸਕੇਂਗਾ। ਉਹ ਤੈਨੂੰ ਬੁਰੇ ਕੰਮਾਂ ਤੋਂ ਹਟਾਉਣ ਲਈ ਇਥੇ ਪੁਜੇ ਹਨ।"

ਸਜਣ ਠੱਗ—ਖੇਮੀ ! ਤੇਰੀ ਗੱਲ ਤੇ ਇਤਬਾਰ ਨਹੀਂ ਕੀਤਾ ਜਾ ਸਕਦਾ। ਉਹ ਤਾਂ ਮੈਨੂੰ ਕੋਈ ਅਮੀਰ ਨਜ਼ਰ ਆਉਂਦੇ ਹਨ। ਕਿਤੇ ਤੂੰ ਉਨ੍ਹਾਂ ਪਾਸੋਂ ਰਿਸ਼ਵਤ ਤਾਂ ਨਹੀਂ ਖਾ ਲਈ ਜੋ ਅੱਜ ਮੈਨੂੰ ਮਤਾਂ ਦਿੰਦੀ ਏਂ।

ਬੀਬੀ ਖੇਮੀ—ਮੈਂ ਰਿਸ਼ਵਤ ਤਾਂ ਕੋਈ ਨਹੀਂ ਖਾਧੀ। ਹਾਂ, ਸੱਚ ਨੂੰ ਜ਼ਰੂਰ ਬਿਆਨ ਕੀਤਾ ਹੈ ਅਤੇ ਫਿਰ ਵੀ ਕਹਿੰਦੀ ਹਾਂ ਕਿ ਤੂੰ ਉਨ੍ਹਾਂ ਪਾਸੋਂ ਮਾਫੀ ਮੰਗ ਲੈ। ਉਹ ਤੈਨੂੰ ਜ਼ਰੂਰ ਬਖ਼ਸ਼ ਦੇਣਗੇ।

ਸੱਜਣ ਠੱਗ—(ਗ਼ੁੱਸੇ ਵਿਚ ਆ ਗਿਆ) ਮੈਨੂੰ ਅੱਜ ਹੀ ਪਤਾ ਲੱਗਾ ਹੈ ਕਿ ਮੈਂ ਬੁੱਕਲ ਵਿਚ ਸੱਪ ਪਾਲ ਰਿਹਾ ਹੈ। ਤੈਨੂੰ ਮੈਂ ਪਿਛੋਂ ਦੇਖਾਂਗਾ, ਪਹਿਲਾਂ ਮੈਂ ਉਨ੍ਹਾਂ ਨਾਲ ਨਿਬੜ ਲਵਾਂ।

ਇਹ ਕਹਿ ਕੇ ਸਜਣ ਠੱਗ ਨੇ ਆਪਣੇ ਬਾਕੀ ਦੇ ਚੇਲੇ ਚੇਲੀਆਂ ਨਾਲ ਸਲਾਹ ਕੀਤੀ। ਬੀਬੀ ਖੇਮੀ ਜੀ ਫਿਰ ਵਿਚੋਂ ਬੋਲ ਪਏ, 'ਤੁਸੀਂ ਸਜਣ ਦਾ ਕਿਹਾ ਨਾ ਮੰਨੋ। ਇਹ ਤੁਹਾਨੂੰ ਨਰਕਾਂ ਵਿਚ ਧੱਕ ਰਿਹਾ ਹੈ।' ਸਜਣ ਠੱਗ ਦੇ ਗੁੱਸੇ ਦਾ ਭਾਂਬੜ ਅਜੇ ਪਤਾ ਨਹੀਂ ਕਿਵੇਂ ਬਲਣਾ ਸੀ ਕਿ ਕੰਨਾਂ ਵਿਚ ਮਿੱਠੀ ਅਤੇ ਪਿਆਰੀ ਅਵਾਜ਼ ਆਉਣ ਲਗ ਪਈ, ਜਿਵੇਂ ਕੋਈ ਗਾ ਰਿਹਾ ਹੈ। ਮਨ ਉਸ ਪਾਸ ਵਲ ਖਿਚਿਆ ਗਿਆ। ਫਿਰ ਕਦਮ ਵੀ ਉਸ ਪਾਸੇ ਪੁਟੇ ਗਏ। ਗੁਰੂ ਨਾਨਕ ਸਾਹਿਬ ਜੀ ਤੇ ਗਲੇ ਤੋਂ ਇਹ ਸ਼ਬਦ ਉਚਾਰਨ ਹੋ ਰਿਹਾ ਸੀ :—

ਉਜਲੁ ਕੈਹਾ ਚਿਲਕਣਾ, ਘੋਟਿਮ ਕਾਲੜੀ ਮਸੁ ॥
ਧੋਤਿਆ ਜੂਠਿ ਨ ਉਤਰੈ, ਜੇ ਸਉ ਧੋਵਾ ਤਿਸੁ ॥੧॥
ਸਜਣ ਸੇਈ ਨਾਲਿ ਮੈ,ਚਲਦਿਆ ਨਾਲ ਚਲੰਨਿ ॥
ਜਿਥੈ ਲੇਖਾ ਮੰਗੀਐ, ਤਿਥੈ ਖੜੇ ਦਿਸੰਨਿ੍ ॥੧॥
॥ਰਹਾਉ॥ ਕੋਠੇ ਮੰਡਪ ਮਾੜੀਆ, ਪਾਸਹੁ ਚਿਤਵੀਆਹਾਂ ॥ ਢਠੀਆ ਕੰਮਿ ਨ ਆਵਨੀ, ਵਿਚਹੁ ਸਖਣੀਆਹਾ ॥੨॥ ਬਗਾ ਬਗੇ ਕਪੜੇ, ਤੀਰਥ ਮੰਝਿ ਵਸੰਨਿ ॥ ਘੁਟਿ ਘੁਟਿ ਜੀਆ ਖਾਵਣੇ, ਬਗੇ ਨਾ ਕਹੀਅਨਿ੍ ॥੩॥ ਸਿੰਮਲ ਰੁਖੁ ਸਰੀਰੁ ਮੈ, ਮੈਜਨ ਦੇਖਿ ਭੁਲੰਨਿ੍ ॥ ਸੇ ਫਲ ਕੰਮਿ ਨ ਆਵਨ੍ਹੀ, ਤੇ ਗੁਣ ਮੈ ਤਨਿ ਹੰਨਿ੍ ॥੪॥ ਅੰਧੁਲੈ ਭਾਰ ਉਠਾਇਆ, ਡੂਗਰ ਵਾਟ ਬਹੁਤੁ ॥ ਅਖੀ ਲੋੜੀ ਨਾ ਲਹਾ, ਹਉ ਚੜਿ ਲੰਘਾ ਕਿਤੁ ॥ ੫॥ ਚਾਕਰੀਆ ਚੰਗਿਆਈਆ, ਅਵਰ ਸਿਆਣਪ ਕਿਤੁ ॥ ਨਾਨਕ ਨਾਮੁ ਸਮਾਲਿ ਤੂੰ, ਬਧਾ ਛੁਟਹਿ ਜਿਤੁ ॥੬॥੧॥

[ਸੂਹੀ ਮਹਲਾ ੧, ਘਰੁ ੬, ਪੰਨਾ ੭੨੯

ਜਨਮਸਾਖੀ ਪਰੰਪਰਾ ਵਿਚ ਲਿਖਿਆ ਹੈ ਕਿ ਇਸ ਸ਼ਬਦ ਨੇ ਸਜਣ ਤੇ ਬਹੁਤ ਪ੍ਰਭਾਵ ਪਾਇਆ। ਇਸ ਦੀ ਇਕ-ਇਕ ਤੁਕ ਉਸ ਦੇ ਹਿਰਦੇ ਦੀ ਮੈਲ ਧੋਂਦੀ ਗਈ। ਉਸ ਵੇਖਿਆ ਕਿ ਸਾਰੇ ਔਗਣ, ਜਿਨ੍ਹਾਂ ਦਾ ਵਰਣਨ ਇਸ ਸ਼ਬਦ ਵਿਚ ਹੈ, ਮੇਰੇ ਵਿਚ ਮੌਜੂਦ ਹਨ। ਇਹ ਫ਼ਕੀਰ ਤਾਂ ਕੋਈ ਦਿਲਾਂ ਦੀਆਂ ਜਾਨਣ ਵਾਲੇ ਹਨ।

ਸਜਣ ਠੱਗ, ਗੁਰੂ ਸਾਹਿਬ ਦੇ ਚਰਨਾਂ ਨਾਲ ਲਿਪਟ ਗਿਆ। ਦਾਤਾ ! ਬਖ਼ਸ਼ ਲੈ। ਇਹ ਕਹਿੰਦੇ ਹੀ ਚਰਨ ਅਥਰੂਆਂ ਨਾਲ ਧੋ ਸੁਟੇ। ਗੁਰੂ ਸਾਹਿਬ ਨੇ ਸਿਰ ਤੇ ਪਿਆਰ ਭਰਿਆ ਹੱਥ ਫੇਰਦੇ ਹੋਏ ਕਿਹਾ, 'ਉਠ ਸਜਣਾ ! ਤੂੰ ਨਿਹਾਲ ਹੋਇਆ। ਸਜਣ ਦੇ ਜੋ ਚੇਲੇ ਚੇਲੀਆਂ ਸਨ,



www.AKJ.Org

ਉਨ੍ਹਾਂ ਨੇ ਵੀ ਚਰਨੀਂ ਪੈ ਕੇ ਆਪਣੀਆਂ ਭੁਲਾਂ ਬਖਸ਼ਵਾਈਆਂ।

ਬੀਬੀ ਖੇਮੀ ਜੀ ਨੇ ਜਦੋਂ ਦੇਖਿਆ ਕਿ ਸਾਰੇ ਬਖ਼ਸ਼ੇ ਗਏ ਹਨ ਤਾਂ ਆਪ ਦੀ ਖ਼ੁਸ਼ੀ ਦਾ ਕੋਈ ਪਾਰਾਵਾਰ ਨਾ ਰਿਹਾ। ਆਪ ਨੇ ਗੁਰੂ ਸਾਹਿਬ ਦੇ ਚਰਨਾਂ ਤੇ ਸਿਰ ਰਖ ਦਿੱਤਾ। ਆਪਾ ਵਿਸਰਨਾ ਸ਼ੁਰੂ ਹੋ ਗਿਆ। ਭਾਈ ਵੀਰ ਸਿੰਘ ਜੀ ਨੇ ਉਸ ਸਮੇਂ ਦਾ ਹਾਲ ਇਸ ਤਰ੍ਹਾਂ ਕਲਮ-ਬੰਦ ਕੀਤਾ ਹੈ ਕਿ ਨੈਣਾਂ ਵਾਲੇ ਦੇ ਨੈਣ ਤਕਦੇ ਰਹੇ ਨੀਝ ਨੀਝ ਬੰਨ੍ਹ ਕੇ ਖੇਮੀ ਵਲ। ਕੁਸਣ ਹਟ ਗਈ, ਅਡੋਲ ਹੋ ਗਈ, ਨੈਣ ਮਿਟ ਗਏ। ਸਵਾਸ ਰੁਖ ਸਿਰ ਹੋ ਟੁਰੇ, ਧੀਮੇ ਧੀਮੇ ਹੋ ਗਏ।

ਦਾਤੇ ਨੇ ਕੁਝ ਚਿਰ ਮਗਰੋਂ ਫਿਰ ਸਿਰ ਤੇ ਹੱਥ ਫੇਰਿਆ, ਕਿਹਾ : 'ਉਠ'। ਉਠੀ ਠੰਢੀ ਠਾਰ, ਪਰ ਕਮਜ਼ੋਰ, ਸੁਖੀ, ਪਰ ਨਿਰਬਲ।

ਗੁਰੂ ਜੀ—ਖਿਮਾ ਹੋ ਗਈ ਤੇਰੇ ਤੇ, ਸਜਣ ਤੇ, ਸਾਰੇ ਤੇਰੇ ਘਰ ਤੇ।

ਮਾਈ (ਨੈਣ ਚਾ ਕੇ ਚੁਫੇਰੇ ਤਕ ਕੇ)—ਸਾਰੇ ਬਖ਼ਸ਼ੇ ਗਏ? ਤੂੰ ਕੌਣ ਹੈਂ? ਫ਼ਕੀਰ? ਨਹੀਂ, ਨਹੀਂ, ਤੂੰ ਕੋਈ 'ਆਪ' ਹੈਂ। ਕੌਣ ਨਰਕਾਂ ਦੇ ਬਲਦੇ ਭਾਂਬੜ ਬੁਝਾ ਸਕਦਾ ਹੈ? (ਸਿਰ ਫੇਰ ਕੇ) ਅਸੀਂ ਬਖ਼ਸ਼ੇ ਗਏ। ਸਚ?......

[ਗੁਰੂ ਨਾਨਕ ਚਮਤਕਾਰ ੧, ਪੰਨਾ ੧੩੩

ਬੀਬੀ ਖੇਮੀ ਜੀ ਤੇ ਗੁਰੂ ਸਾਹਿਬ ਦੀਆਂ ਅਤੁਟ ਮਿਹਰਾਂ ਉਮਡ ਪਈਆਂ ਸਨ ਅਤੇ ਬੀਬੀ ਖੇਮੀ ਜੀ ਸ਼ਰਧਾ ਪਿਆਰ ਵਿਚ ਘੋਲ ਘੁਮਾਈ ਤੇ ਸਦਕੇ ਹੋ ਰਹੇ ਸਨ। ਉਸ ਦੀ ਜ਼ਿੰਦਗੀ ਵਿਚ ਉਹ ਦਿਨ ਭਾਗਾਂ ਭਰਿਆ ਸੀ, ਜਦੋਂ ਉਸ ਦੇ ਕੰਨਾਂ ਨੇ ਸੁਣਿਆ ਸੀ ਕਿ ਅਸੀਂ ਸਾਰੇ ਬਖ਼ਸ਼ੇ ਗਏ।

ਸਜਣ ਠੱਗ ਦਾ ਘਰ ਜਿਥੇ ਪਹਿਲਾਂ ਕਤਲਗਾਹ ਬਣੀ ਹੋਈ ਸੀ, ਉਥੇ ਹੁਣ ਨਾਮ ਬਾਣੀ ਦਾ ਪਰਵਾਹ ਚਲ ਪਿਆ। ਗੁਰੂ ਸਾਹਿਬ ਨੇ ਇਥੇ ਸਿੱਖ ਧਰਮ ਦੇ ਪਰਚਾਰ ਲਈ ਪਹਿਲੀ ਧਰਮਸਾਲਾ ਸਥਾਪਿਤ ਕੀਤੀ। ਗੁਰੂ ਸਾਹਿਬ ਜਦੋਂ ਉਥੋਂ ਭਾਈ ਮਰਦਾਨੇ ਨੂੰ ਲੈ ਕੇ ਰਵਾਨਾ ਹੋ ਗਏ ਤਾਂ ਪਿਛੋਂ ਸਜਣ ਠੱਗ ਅਤੇ ਬੀਬੀ ਖੇਮੀ ਜੀ ਨੇ ਅਨੇਕਾਂ ਜੀਵਾਂ ਨੂੰ ਸਤ ਮਾਰਗ ਦੇ ਰਾਹ ਤੇ ਤੋਰਿਆ।

*



# ਪਾਰੋਵਾਲ ਵਿਖੇ ਰੈਣ-ਸਬਾਈ ਕੀਰਤਨ

ਸਮੂਹ ਸੰਗਤਾਂ ਦੀ ਸੇਵਾ ਵਿਚ ਸਨਿਮਰ ਬੇਨਤੀ ਹੈ ਕਿ ਪਿੰਡ ਪਾਰੋਵਾਲ ਜ਼ਿਲਾ ਗੁਰਦਾਸਪੁਰ ਵਿਖੇ ੨੬ ਅਪ੍ਰੈਲ ੧੯੭੫ ਸ਼ਨੀਵਾਰ ਦੀ ਰਾਤ ਨੂੰ ਰੈਣ-ਸਬਾਈ ਕੀਰਤਨ ਹੋ ਰਹੇ ਹਨ, ਜਿਸ ਵਿਚ ਮੁਖੀ ਅਖੰਡ ਕੀਰਤਨੀ ਜੱਥੇ ਤੇ ਪਿਆਰੇ ਗੁਰੂ ਕੇ ਲਾਲ ਸ਼ਾਮਲ ਹੋ ਕੇ ਹਾਜ਼ਰੀਆਂ ਭਰਨਗੇ। ਸਮੂਹ ਕੀਰਤਨ ਦੇ ਪਿਆਰੇ ਨਾਮ-ਰਸੀਏ ਗੁਰਸਿਖ ਵੀਰ ਭੈਣਾਂ ਦਰਸ਼ਨ ਦੇ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਨੋਟ— ੧. ਬਟਾਲਾ ਤੋਂ ਆਖ਼ਰੀ ਬਸ ਬਰਾਸਤਾ ਪਾਰੋਵਾਲ ਫ਼ਤਹਗੜ੍ਹ ਚੂੜੀਆਂ ੫-੪੫ ਸ਼ਾਮ ਨੂੰ ਚਲਦੀ ਹੈ।

੨. ਸ੍ਰੀ ਅੰਮ੍ਰਿਤਸਰ ਅਜੀਤ ਨਗਰ ਤੋਂ ਸ਼ਾਮ ਨੂੰ ੭ ਵਜੇ ਪਾਰੋਵਾਲ ਲਈ ਟਰੱਕ ਚਲੇਗਾ।

ਪੁਛ-ਗਿਛ ਲਈ—
ਸ: ਗੁਰਮੁਖ ਸਿੰਘ ਸਰਪੰਚ, ਪਾਰੋਵਾਲ

ਦਰਸ਼ਨ ਅਭਿਲਾਖੀ—
ਦਾਸਰੇ ਅਵਤਾਰ ਸਿੰਘ, ਵਰਿਆਮ ਸਿੰਘ, ਪਾਰੋਵਾਲ

# ਕੀਰਤਨ ਰੈਣ-ਸਬਾਈ ਪਿੰਡ ਜਗਪਾਲਪੁਰ

ਸਮੂਹ ਸੰਗਤਾਂ ਦੇ ਚਰਨਾਂ ਤੇ ਜੋਦੜੀ ਹੈ ਕਿ ਇਸ ਅਦੁੱਤੀ ਰੈਣ-ਸਬਾਈ ਕੀਰਤਨ ਤੇ ਦਰਸ਼ਨ ਦੇ ਕੇ ਪਿੰਡ ਦੀਆਂ ਸੰਗਤਾਂ ਨੂੰ ਨਿਹਾਲ ਕਰੋ ਜੀ। ਅਖੰਡ ਕੀਰਤਨੀ ਜੱਥੇ ਦੇ ਉਘੇ ਗੁਰੂ ਕੇ ਕੀਰਤਨੀਏ ਉਚੇਚੇ ਤੌਰ ਤੇ ਪੁਜ ਰਹੇ ਹਨ। ਸ਼ਨੀਵਾਰ ੫ ਅਪ੍ਰੈਲ ਸ਼ਾਮ ਨੂੰ ਅਠ ਵਜੇ ਕੀਰਤਨ ਅਰੰਭ ਹੋ ਕੇ ਐਤਵਾਰ ਸਵੇਰੇ ਅਠ ਵਜੇ ਸਮਾਪਤੀ ਹੋਵੇਗੀ।

ਪਿੰਡ ਜਗਪਾਲਪੁਰ ਫਗਵਾੜਾ ਤੋਂ ਗੁਰਦਵਾਰਾ ਪਲਾਹੀ ਸਾਹਿਬ ਦੇ ਨੇੜੇ ਹੀ ਹੈ। ਪੁਰਾਣੇ ਅੱਡੇ ਕਪੂਰਥਲੇ ਤੋਂ ੬ ਵਜੇ ਸ਼ਾਮ ਉਚੇਚੀ ਬਸ ਚਲੇਗੀ।

ਦਾਸ—ਸੰਤੋਖ ਸਿੰਘ, ਪੰਜਾਬ ਸਿੰਧ ਬੈਂਕ, ਦੁਕੋਹਾ (ਜਲੰਧਰ)





www.AKJ.Org

# ਫ਼ੌਜੀ ਸਿੰਘਾਂ ਦੇ ਖੁਲ੍ਹੇ ਦਾੜ੍ਹਿਆਂ ਤੇ ਪਾਬੰਦੀ ਬਾਰੇ

ਏਅਰ ਫ਼ੋਰਸ ਤੇ ਨੇਵੀ ਵਿਚ ਸਰਵਿਸ ਕਰ ਰਹੇ ਸਿੰਘਾਂ ਦੇ ਖੁਲ੍ਹੇ ਦਾੜ੍ਹੇ ਰਖਣ ਬਾਰੇ ਭਾਰਤ ਸਰਕਾਰ ਨੇ, ਇਸ ਾਰੇ ਬਣੇ ਫ਼ੌਜੀ ਐਕਟ ਵਿਚ ਨਵੀਂ ਸੋਧ ਕਰ ਕੇ, ਬੰਨ੍ਹਣ ਦੀ ਪਾਬੰਦੀ ਲਾ ਦਿਤੀ ਹੈ। ਰਹਿਤ ਵਿਚ ਪਰਪੱਕ ਸਿੰਘਾਂ ਕਾਨੂੰਨ ਦੀ ਇਸ ਨਵੀਂ ਸੁਧਾਈ ਨਾਲ ਕਾਫ਼ੀ ਕਸ਼ਟ ਝਲਣੇ ਪੈ ਰਹੇ ਹਨ। ਸਜ਼ਾਵਾਂ ਦਿਤੀਆਂ ਜਾ ਰਹੀਆਂ ਹਨ ਤੇ ਨੌਕਰੀਆਂ ਤੋਂ ਵੀ ਕਢਿਆ ਜਾ ਰਿਹਾ ਹੈ।

ਇਸ ਸੰਬੰਧ ਵਿਚ ਸ਼੍ਰੋਮਣੀ ਕਮੇਟੀ ਤੇ ਯੂ. ਕੇ. ਦੇ ਸਿੰਘਾਂ ਨੇ ਸਰਕਾਰ ਨੂੰ ਜੋ ਤਾਰਾਂ ਦਿਤੀਆਂ ਅਤੇ ਗੁਰਮਤਾ ਾਸ ਕਰ ਕੇ ਭੇਜਿਆ ਹੈ, ਉਹ ਹੇਠਾਂ ਦੇ ਰਹੇ ਹਾਂ।

TELEGRAM

Shrimati Indira Gandhi, Prime Minister, New Delhi.

Recent amendment to Air-force regulations making flowing beards of Sikh Airmen an offence most shocking (.) Sikh Airmen at several stations including Delhi Jodhpur and Bangalore keeping beards flowing for years together following correct original religious Principle and best traditions of faith now treated offenders, harassed, imprisoned, retired prematurely and facing courtmartial trial (.) Flowing beards allowed eversince formation of Air-force made offence first time in Air-force History (.) Violation of fundamental freedom to practise religion involved (.) Sikh religious approach to human hair beyond challenge (.) Pray intervene restore statusquo removing newly imposed Ban on flowing beards drop current prosecutions and annul punishments forced retirements already ordered (.)

Gurcharan Singh Tohra, Member Parliament
President Shiromani Gurdwara Parbandhak Committee

Confirmation to :—

(1) Shrimati Indira Gandhi, Prime Minister, New Delhi. (2) Shri Jagjiwanram, Defence Minister, New Delhi. (3) Air Chief Marshal O. P. Mehra, Chief of Air Staff, Air Force Head Quarters, New Delhi. (4) Air Commander Ponniah, Director of Petsonnel Airmen, Air Force Head Quarters, New Delhi.

on 21-8-74.

AKHADN KIRTANI JATHA (U. K.)

The following Resolution was passed at a mass meeting, of all the Sikhs, from all corners of U.K., on Sunday 28-2-75 at the Sikh Temple, Birmingham, as a protest against the ANTI SIKH POLICY, which is carried out by the Indian Government.

The attention of the so called Secular Indian Government, the Defence Minister in Particular the Chief of Staff Air-Naval, is drawn to the direct interference in the Sikh Religion, by Court Martialling and terminating their services of persons working in Navy and Air Forces for not tying their beards.

We remind you, that Sikhs never tolerated such IN-DISCRIMINATION under the Mogul and British Rule. Sikh Nation is the same, and will never submit even now.



www.AKJ.Org

The Sikhs with untied beard leading a sacred and true life ; according to their Sikh faith, have a great respect in our society.

The Sikhs as a nation have a good record always. They served their lives for achieving freedom. In wars too they sacrificed for the protection of the Indian sovereignty.

We request the Indian Government to stop this game of interference in the religious matters of the Sikhs people in particular. We also demand the punishment of those Officers in Air and Naval forces, who are responsible for THIS ANTI-SIKH ATTITUDE.

Copy to :—

(1) The President, Indian Government, New Delhi. (2) The Prime Minister, Indian Government, New Delhi. (3) S. Swarn Singh, Defence Minister, New Delhi. (4) The Chief of Staff, Air forces, New Delhi. (5) The Chief of Staff, Naval Forces, New Delhi. (6) The High Commissioner of India, London. (7) The President S. G. P. C., Amritsar. (8) The President, Chief Khalsa, Diwan, Amritsar. (9) The President, Singh Sabha Shatabidi Committee, Amritsar. (11) The Editor "Sura" Monthly Magazine, Amritsar. (12) The Editor "Balio Charag" Monthly Magazine, Patiala. (13) The "Daily Ajit", Jullundur. (14) The Editor "The Tribune" Ambala Cantt. (15) The Editor "The Sikh Review" Calcutta.

Akhand Kirtani Jatha, Birmingham (U. K.)
12 Hartington Road, Lozells, Birmingham-19, TEL: NO. 021-554-7280

---

# 'ਸੂਰਾ' ਮਾਸਕ ਪੱਤਰ ਨੂੰ ਸਹਾਇਤਾ

| | |
|---|---|
| ਸ: ਬੰਤਾ ਸਿੰਘ ਜੀ ਰੀਹਲ, ਲੌਜ਼ੈਲ, ਬਰਮਿੰਘਮ (ਇੰਗਲੈਂਡ) ਵਲੋਂ | ੩੭-੦੦ |
| ਬੀਬੀ ਰਣਜੀਤ ਕੌਰ ਜੀ, ਪੀਲੀਭੀਤ ਵਲੋਂ | ੪-੦੦ |
| ਸ: ਸ਼ਿਵਦੇਵ ਸਿੰਘ ਜੀ, ਸ਼ਿਮਲਾ ਵਲੋਂ | ੫-੦੦ |
| ਜਨਤਾ ਕਲਾਥ ਸਟੋਰ, ਬ੍ਰਹਮਪੁਰ (ਸਰਗੂਜਾ) ਦੇ ਪ੍ਰੇਮੀਆਂ ਵਲੋਂ | ੫-੦੦ |
| ਸ: ਦਵਿੰਦਰ ਸਿੰਘ ਜੀ ਦੁਲਾਈ, ਨਵਲ ਬੇਸ ਵਲੋਂ | ੨੧-੦੦ |
| ਸ: ਜੋਗਿੰਦਰ ਸਿੰਘ ਜੀ ਲਖਨਊ ਵਲੋਂ ਕਾਕਾ ਸਤਨਾਮ ਸਿੰਘ ਜੀ ਦੇ ਅਨੰਦ ਕਾਰਜ ਸਮੇਂ | ੧੧-੦੦ |
| ਸ: ਗੁਰਚਰਨ ਸਿੰਘ ਜੀ ਨਵੀਂ ਦਿਲੀ ਵਲੋਂ ਕਾਕਾ ਸੁਰਜੀਤ ਸਿੰਘ ਜੀ ਦੇ ਅਨੰਦ ਕਾਰਜ ਸਮੇਂ | ੨੫-੦੦ |
| ਭਾਈ ਰਾਮ ਸਿੰਘ ਜੀ ਹਲਾਂ ਵਾਲੇ ਦੋਰਾਹਾ ਮੰਡੀ ਵਲੋਂ ਬੀਬੀ ਹਰਜੀਤ ਕੌਰ ਦੇ ਅਨੰਦ ਕਾਰਜ ਦੀ ਖ਼ੁਸ਼ੀ ਵਿਚ | ੧੧-੦੦ |

**ਸਤਿਗੁਰੂ ਪਾਤਸ਼ਾਹ ਚੜ੍ਹਦੀਆਂ ਕਲਾਂ ਤੇ ਗੁਰਸਿਖੀ ਜੀਵਨ ਬਖ਼ਸ਼ਣ।**

---

# ਸ੍ਰੀ ਅੰਮ੍ਰਿਤਸਰ ਵਿਖੇ ਰੈਣ-ਸਬਾਈ ਕੀਰਤਨ ਤੇ ਅਨੰਦ ਕਾਰਜ

ਸੰਗਤਾਂ ਦੇ ਚਰਨਾਂ ਵਿਚ ਬਿਨੈ ਹੈ ਕਿ ਬੱਚੀ ਦੇ ਅਨੰਦ ਕਾਰਜ ਸਮੇਂ ੧੯ ਅਪ੍ਰੈਲ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ ਅਤੇ ਐਤਵਾਰ ਸਵੇਰੇ ਅਨੰਦ ਕਾਰਜ ਹੋਣਗੇ। ਸਮੂਹ ਗੁਰਸਿਖ ਪਰਵਾਰ ਦਰਸ਼ਨ ਦੇ ਕੇ ਨਿਵਾਜੋ ਜੀ।

ਦਾਸਰਾ—ਕੰਵਰ ਸਿੰਘ

ਮਕਾਨ ਨੰ: **541**, ਰਣਜੀਤ ਐਵੀਨੀਊ, ਈਸਟ ਮੋਹਨ ਨਗਰ, ਬੈਰੂਟ ਸੁਲਤਾਨਵਿੰਡ ਗੇਟ, ਅੰਮ੍ਰਿਤਸਰ



www.AKJ.Org

# ਇਸ ਘਰ ਕੋ ਆਗ ਲਗ ਗਈ ਘਰ ਕੇ ਚਿਰਾਗ਼ ਸੇ

ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥
ਜੋ ਸੈਤਾਨਿ ਵੰਞਾਇਆ, ਸੇ ਕਿਤ ਫੇਰਹਿ ਚਿਤ ॥੧੫॥

ਮੁਸਲਮਾਨਾਂ ਦਾ ਅਕੀਦਾ ਹੈ ਕਿ ਬਾਬਾ ਆਦਮ ਤੇ ਅੰਮਾ ਹਵਾਂ ਜੱਨਤ ਵਿਚ ਸੁਖੀ ਵਸਦੇ ਸਨ। ਅੱਲਾ ਮੀਆਂ ਦਾ ਉਨ੍ਹਾਂ ਨੂੰ ਹੁਕਮ ਸੀ ਕਿ ਇਸ ਜੱਨਤ ਦੇ ਸਭ ਮੇਵੇ ਖਾਓ, ਪਰ ਇਕ ਇਹ ਕਣਕ ਦਾ ਦਾਣਾ ਨਾ ਖਾਣਾ। ਕਹਿੰਦੇ ਨੇ ਕਿ ਇਸ ਜੋੜੇ ਨੂੰ ਸ਼ੈਤਾਨ ਨੇ ਆਣ ਵਰਗਲਾਇਆ ਤੇ ਕਿਹਾ ਕਿ ਸਭ ਤੋਂ ਚੰਗੀ ਚੀਜ਼ ਤਾਂ ਅੱਲਾ ਮੀਆਂ ਨੇ ਆਪਣੇ ਲਈ ਰਖ ਲਈ ਹੈ ਤੇ ਤੁਹਾਨੂੰ ਖਾਣੋਂ ਮਨ੍ਹਾ ਕਰ ਰਖਿਆ ਹੈ। ਇਹੋ ਤਾਂ ਸਭ ਤੋਂ ਚੰਗੀ ਖਾਣ ਵਾਲੀ ਚੀਜ਼ ਹੈ, ਤੁਸੀਂ ਇਸ ਨੂੰ ਜ਼ਰੂਰ ਖਾਓ। ਭੋਲੇ ਬਾਬਾ ਆਦਮ ਜੀ ਸ਼ੈਤਾਨ ਦੀ ਚੁੱਕ ਵਿਚ ਫਸ ਗਏ। ਅੱਲਾ ਮੀਆਂ ਦੀ ਹੁਕਮ ਅਦੂਲੀ ਕਰ ਕੇ ਉਨ੍ਹਾਂ ਕਣਕ ਦਾ ਦਾਣਾ ਖਾ ਲਿਆ, ਤੇ ਜੱਨਤ ਚੋਂ ਧਕੇ ਗਏ।

ਉਪਰੋਕਤ ਮਿਸਾਲ ਠੀਕ ਇਸੇ ਤਰ੍ਹਾਂ ਹੀ ਸਾਡੇ ਆਗੂਆਂ ਤੇ ਢੁਕਦੀ ਹੈ। ਇਨ੍ਹਾਂ ਦੇ ਕੰਨ ਵਿਚ ਸ਼ੈਤਾਨ ਨੇ ਆ ਕੇ ਫੂਕ ਮਾਰੀ ਕਿ ਸਾਰੀ ਦੁਨੀਆ ਵਿਚ ਤਾਂ ਫ਼ਿਲਮੀ ਪਰਚਾਰ ਸਿਖਰਾਂ ਤੇ ਹੈ, ਪਰ ਤੁਸੀਂ ਸੁੱਤੇ ਪਏ ਹੋ ਅਤੇ ਸਿਖ ਸਰੂਪਾਂ ਦੇ ਫ਼ੋਟੋ ਵੀ ਨਹੀਂ ਲੈਣ ਦਿੰਦੇ। ਉਠੋ ਹੰਭਲਾ ਮਾਰੋ, ਸਮੇਂ ਨੂੰ ਸੰਭਾਲੋ ਅਤੇ ਧਰਮ ਪਰਚਾਰਾਂ ਦੀ ਆੜ ਹੇਠ ਫ਼ਿਲਮਾਂ ਬਣਵਾ ਕੇ ਸਿਖ ਜਗਤ ਨੂੰ ਖ਼ੂਬ ਬੁਧੂ ਬਣਾਓ, ਕਿਉਂਕਿ ਤੁਸੀਂ ਧਰਮ ਦੇ ਠੇਕੇਦਾਰ ਹੋ। ਇਸ ਤਰ੍ਹਾਂ ਆਪ ਵੀ ਮੌਜਾਂ ਲਵੋ ਅਤੇ ਫ਼ਿਲਮਾਂ ਵਾਲਿਆਂ ਨੂੰ ਵੀ ਲੁਟਾਓ। ਬਸ ਫੇਰ ਕੀ ਸੀ, ਇਹ ਫੁਰਨਾ ਫੁਰਨ ਦੀ ਦੇਰ ਸੀ ਕਿ ਦਰਬਾਰ ਸਾਹਿਬ ਦੀਆਂ ਪਰਕਰਮਾਂ ਵਿਚ ਫਿਲਮੀ ਡੌਰੂ ਵਜਣੇ ਸ਼ੁਰੂ ਹੋ ਗਏ ਅਤੇ ਫ਼ਿਲਮੀ ਸਤਾਰਿਆਂ ਦੀਆਂ ਪਰਦਰਸ਼ਨੀਆਂ ਦੇਖਣ ਲਈ ਤਮਾਸ਼ਬੀਨਾਂ ਦੀਆਂ ਭੀੜਾਂ ਲਗਣ ਲਗ ਪਈਆਂ।

ਉਹ ਸ੍ਰੀ ਹਰਿਮੰਦਰ ਸਾਹਿਬ, ਜਿਸ ਵਿਚੋਂ ਕਦੇ ਕਿਸੇ ਹਾਲਤ ਵਿਚ ਵੀ ਕੋਈ ਫ਼ੋਟੋ ਲੈਣ ਦੀ ਆਗਿਆ ਨਹੀਂ ਸੀ ਹੁੰਦੀ, ਅਤੇ ਜਿਥੇ ਦਿਨ ਰਾਤ ਸ਼ਾਂਤੀ ਵਰਤਦੀ ਸੀ ਉਥੇ ਕੁਕਰਮੀ ਨਾਚੇ ਨਾਚੀਆਂ ਤੇ ਹੁਲੜਬਾਜ਼ ਤਮਾਸ਼ਬੀਨ ਇਕੱਠੇ ਕਰ ਕੇ ਸ਼ਾਂਤ ਵਾਤਾਵਰਨ ਦੀ ਪਵਿੱਤਰਤਾ ਨੂੰ ਭੰਗ ਕੀਤਾ ਗਿਆ ਅਤੇ ਕਈ ਹਫ਼ਤੇ ਹਰਿਮੰਦਰ ਸਾਹਿਬ ਦੇ ਅੰਦਰ ਬਾਹਰ ਸ਼ੂਟਿੰਗ ਹੁੰਦੀ ਰਹੀ। ਇਥੋਂ ਦੀ ਪਵਿੱਤਰਤਾ ਨੂੰ ਕਾਇਮ ਰਖਣ ਲਈ ਇੰਚ ਇੰਚ ਥਾਂ ਤੇ ਸੈਂਕੜੇ ਸ਼ਹੀਦਾਂ ਦੇ ਸੀਸ ਲਗੇ ਹੋਏ ਹਨ। ਗੁਰ-ਚਰਨਾਂ ਦੇ ਭੌਰੇ ਆਪਣੀਆਂ ਜਾਨਾਂ ਨੂੰ ਤਲੀ ਤੇ ਰਖ ਕੇ ਹਨੇਰੀਆਂ ਰਾਤਾਂ ਵਿਚ ਦੁਸ਼ਮਨਾਂ ਦੇ ਘੇਰਿਆਂ ਵਿਚੋਂ ਲੰਘ ਕੇ, ਸਖ਼ਤ ਤੋਂ ਸਖ਼ਤ ਪਹਿਰਿਆਂ ਦੇ ਹੁੰਦਿਆਂ ਹੋਇਆਂ ਭੀ, ਸੌ ਮੁਸੀਬਤਾਂ ਝਲ ਕੇ ਰਾਤ ਨੂੰ ਦੀਵਾ ਵੱਟੀ ਕਰ ਜਾਂਦੇ ਰਹੇ। ਇਨ੍ਹਾਂ ਵਿਚੋਂ ਕਈ ਸ਼ਹੀਦੀਆਂ ਪ੍ਰਾਪਤ ਕਰ ਜਾਂਦੇ, ਪਰ ਫੇਰ ਭੀ ਪਵਿਤਰਤਾ ਨੂੰ ਸਨਮੁਖ ਰਖ ਕੇ ਸਿਦਕ ਭਰੋਸੇ ਵਿਚ ਜਾਨਾਂ ਲਾਣ ਤੋਂ ਸੰਕੋਚ ਨਾ ਕਰਦੇ। ਮੱਸੇ ਰੰਗੜ ਦੇ ਕਬਜ਼ੇ ਵੇਲੇ ਇਥੋਂ ਦੀ ਬੇਅਦਬੀ ਹੁੰਦੀ ਸੁਣ ਕੇ ਭਾਈ ਸੁਖਾ ਸਿੰਘ ਮਹਿਤਾਬ ਸਿੰਘ ਆਪਣੀਆਂ ਜਾਨਾਂ ਹਥੇਲੀ ਤੇ ਰਖ ਕੇ ਧਾਈ ਕਰ ਕੇ ਆਏ ਅਤੇ ਉਸ ਦੁਸ਼ਟ ਪਾਪੀ ਦਾ ਸੀਸ ਵਢ ਕੇ ਪਲੋ ਪਲੀ ਵਿਚ ਔਹ ਗਏ ਔਹ ਗਏ ਹੋ ਗਏ।

ਸਾਡੇ ਇਨ੍ਹਾਂ ਭੱਦਰ ਪੁਰਸ਼ਾਂ ਦੀ ਮਿਹਰਬਾਨੀ ਨਾਲ ਪੰਜ ਅਖੌਤੀ ਧਾਰਮਕ ਫ਼ਿਲਮਾਂ ਤਿਆਰ ਹੋ ਕੇ ਸਿਨਮਿਆਂ ਵਿਚ ਚਲ ਰਹੀਆਂ ਹਨ; ਜਿਨ੍ਹਾਂ ਦੇ ਨਾਂ ਹਨ—੧. ਨਾਨਕ ਨਾਮ ਜਹਾਜ਼ ਹੈ, ੨. ਨਾਨਕ ਦੁਖੀਆ ਸਭ ਸੰਸਾਰ, ੩. ਦੁਖ ਭੰਜਨ ਤੇਰਾ ਨਾਮ, ੪. ਮਨ ਜੀਤੇ ਜਗ ਜੀਤ, ਤੇ ੫. ਸਤਿਗੁਰ ਤੇਰੀ ਓਟ।

ਇਹ ਪੰਜਵੀਂ ਫ਼ਿਲਮ "ਸਤਿਗੁਰ ਤੇਰੀ ਓਟ" ਹੁਣੇ ਤਿਆਰ ਹੋਈ ਹੈ, ਤੇ ਸਿਨਮਿਆਂ ਵਿਚ ਚਲਣੀ ਸ਼ੁਰੂ ਹੈ। ਇਸ ਫ਼ਿਲਮ ਨੂੰ ਦੇਖਣ ਵਾਲਿਆਂ ਨੇ ਜੋ ਦਸਿਆ ਹੈ ਉਸ ਅਨੁਸਾਰ ਇਸ ਫ਼ਿਲਮ ਰਾਹੀਂ ਹੋ ਰਹੇ ਧਰਮ-ਪਰਚਾਰ ਦਾ ਨਮੂਨਾ ਸਾਡੇ ਮਾਨਯਵਰ ਆਗੂ ਮੁਲਾਹਜਾ ਫੁਰਮਾਉਣ। ਇਸ ਮਨ-ਘੜਤ ਦੇਸ਼-ਭਗਤੀ ਦੀ ਕਹਾਣੀ ਦਾ ਪਹਿਲਾ ਗਾਣਾ ਕੁਝ ਇਸ ਤਰ੍ਹਾਂ ਹੈ—"ਕੁੜੀਏ ਗੁਲੇਲ ਵਾਲੀਏ, ਤੂੰ ਸਾਡੀ ਹਿੱਕ ਤੇ ਨਿਸ਼ਾਨਾ ਮਾਰਿਆ।" ਤੇ "ਮੁੰਡਿਆ



www.AKJ.Org

ਕਿਤਾਬ ਵਾਲਿਆ, ਸੀਟੀ ਮਾਰ ਕੇ ਤੂੰ ਸਾਨੂੰ ਕਿਉਂ ਬੁਲਾਇਆ ।" ਇਸ ਫ਼ਿਲਮ ਦੀ ਕਹਾਣੀ ਇਸ਼ਕੀਆ ਚੇਸ਼ਟਾ ਤੋਂ ਅਰੰਭ ਹੁੰਦੀ ਹੈ ਤੇ ਬੇਹਯਾਈ ਨਾਲ ਭਰਪੂਰ ਹੈ। ਇਸ ਕਹਾਣੀ ਦੀ ਗੱਲ-ਬਾਤ ਵੀ ਅੱਤ ਬੇਸ਼ਰਮੀ ਭਰੀ ਹੈ। ਭਲਾ ਦਸੋ ਕਿ 'ਸਤਿਗੁਰ ਤੇਰੀ ਓਟ" ਦੇ ਵਾਕਾਂ ਨਾਲ ਇਸ ਲੱਚਰ ਕਹਾਣੀ ਦਾ ਕੀ ਸੰਬੰਧ ਹੈ ? ਧੰਨ ਹਨ ਉਹ ਮੁਹੱਜ਼ਬ ਲੋਗ, ਜਿਹੜੇ ਆਪਣੀਆਂ ਨੌਜਵਾਨ ਧੀਆਂ ਭੈਣਾਂ ਤੇ ਬਹੂ-ਬੇਟੀਆਂ ਨੂੰ ਨਾਲ ਲੈ ਕੇ ਅਜਿਹੀਆਂ ਲੱਜਿਆਂ-ਹੀਨ ਫ਼ਿਲਮਾਂ ਵੇਖਣ ਜਾਂਦੇ ਹਨ।

ਇਸ ਨਮੂਨੇ ਤੋਂ ਅੰਦਾਜ਼ਾ ਲਗਾਓ ਕਿ ਅਜਿਹੀਆਂ ਫ਼ਿਲਮਾਂ ਰਾਹੀਂ ਕਿੰਨਾ ਕੁ ਧਰਮ-ਪਰਚਾਰ ਹੋ ਰਿਹਾ ਹੈ। ਕੌਮ ਦੇ ਮਲਾਹੋ ! ਤੇ ਆਗੂਓ ! ਕੀ ਤੁਸੀਂ ਕੌਮ ਨਾਲ ਧੋਖਾ ਨਹੀਂ ਕਰ ਰਹੇ ? ਅਤੇ ਕੀ ਤੁਸੀਂ ਧਰਮ ਦੇ ਬੇੜੇ ਨੂੰ ਗ਼ਰਕ ਕਰਨ ਤੇ ਲੱਕ ਨਹੀਂ ਬੰਨ੍ਹਿਆ ਹੋਇਆ ? ਯਾਦ ਰਖੋ, ਤੁਹਾਨੂੰ ਇਸ ਕੀਤੇ ਜਾ ਰਹੇ ਧ੍ਰੋਹ ਦੀ ਸਜ਼ਾ ਜ਼ਰੂਰ ਭੁਗਤਣੀ ਪਾਏਗੀ ? ਸੱਚੀ ਅਦਾਲਤ ਵਿਚ ਪੇਸ਼ੀਆਂ ਹੋ ਰਹੀਆਂ ਹਨ, ਉਥੇ ਕਿਸੇ ਦਾ ਲਿਹਾਜ਼ ਨਹੀਂ ਹੋਵੇਗਾ।

ਓਥੈ ਸਚੇ ਹੀ ਸਚਿ ਨਿਬੜੈ, ਚੁਣਿ ਵਖਿ ਕਢੇ
ਜਜਮਾਲਿਆ ॥ ਥਾਉ ਨ ਪਾਇਨਿ ਕੂੜਿਆਰ,
ਮੁਹ ਕਾਲੈ ਦੋਜਕਿ ਚਾਲਿਆ ॥ [ਆਸਾ ਦੀ ਵਾਰ

ਸੱਚੀ ਅਦਾਲਤ ਤੋਂ ਵਾਰੀ ਵਾਰੀ ਸਭ ਦੋਸ਼ੀਆਂ ਨੂੰ ਵਾਜ ਪਏਗੀ ਅਤੇ ਸਭ ਨੂੰ ਕੀਤੇ ਕਰਮਾਂ ਦਾ ਲੇਖਾ ਭੁਗਤਾਇਆ ਜਾਏਗਾ।

ਜੇ ਭਲਾ ਲੋੜਦੇ ਹੋ ਤਾਂ ਅਜੇ ਭੀ ਸੰਭਲੋ ਅਤੇ ਧਰਮ-ਪਰਚਾਰ ਦੇ ਨਾਂ ਹੇਠ ਧਰਮ-ਪਰਹਾਰ ਨਾ ਕਰੋ। ਜਿੰਨਾ ਇਹ ਪਰਚਾਰ ਹੋ ਗਿਆ ਉੱਨਾ ਹੀ ਬਥੇਰਾ ਹੈ। ਹੁਣ ਹੋਸ਼ ਸੰਭਲੋ ਅਤੇ ਨਵੀਆਂ ਪੰਜ ਬਣ ਰਹੀਆਂ ਫ਼ਿਲਮਾਂ ਨੂੰ ਇਥੇ ਹੀ ਰੋਕ ਦਿਓ; ਨਹੀਂ ਤਾਂ ਇਸ ਮਨਮਤ ਦੇ ਦੁਰਾਚਾਰੀ ਪਰਚਾਰ ਨਾਲ ਦੀਨ ਦੁਨੀਆ ਤੋਂ ਧਕੇ ਜਾਓਗੇ ਅਤੇ ਆਉਣ ਵਾਲੀਆਂ ਗੁਰਮੁਖ ਨਸਲਾਂ ਤੁਹਾਡੇ ਤੇ ਫਿਟਕਾਰਾਂ ਪਾਉਣਗੀਆਂ। ਬਣ ਰਹੀਆਂ ਫ਼ਿਲਮਾਂ ਦੇ ਨਾਮ ਇਉਂ ਦਸੀਦੇ ਹਨ— ੧. ਹਰੀ ਸਿੰਘ ਨਲੂਆ, ੨. ਗੁਰੂ ਮਾਨਿਓ ਗ੍ਰੰਥ, ੩. ਰਾਜ ਕਰੇਗਾ ਖ਼ਾਲਸਾ, ੪. ਗੁਰੂ ਬਖ਼ਸ਼ਣਹਾਰ, ਅਤੇ ੫. ਮਿਤਰ ਪਿਆਰੇ ਨੂੰ।

ਗੁਰਮੁਖ ਰੂਹਾਂ ਇਸ ਫ਼ਿਲਮੀ ਗੰਦ ਤੋਂ ਅਤਿ ਦੁਖੀ ਹੋ ਰਹੀਆਂ ਹਨ। ਉਨ੍ਹਾਂ ਦੇ ਸਬਰ ਦਾ ਪਿਆਲਾ ਭਰ ਚੁਕਾ ਹੈ ਅਤੇ ਪਤਾ ਨਹੀਂ ਕਦ ਲਾਵੇ ਦੀ ਤਰ੍ਹਾਂ ਵਗ ਤੁਰੇ ਅਤੇ ਇਸ ਰੋਸ ਦੀ ਅਗਨੀ ਪਰਚੰਡ ਹੋ ਉਠੇ। ਸਿਖ ਪੰਥ ਵਿਚ ਸੁਖਾ ਸਿੰਘ ਮਹਿਤਾਬ ਸਿੰਘ ਦੀ ਕੋਈ ਕਮੀ ਨਹੀਂ। ਧੁੰਆਂ ਧੁਖ ਰਿਹਾ ਹੈ। ਜੇ ਇਸ ਦੇ ਭਾਂਬੜ ਮਚ ਉਠੇ ਤਾਂ ਸੰਭਲਣਾ ਔਖਾ ਹੋ ਜਾਊ।

ਸੋ ਸਭ ਪੰਥ-ਹਿਤੈਸ਼ੀਆਂ, ਪੰਥਕ ਜੱਥੇਬੰਦੀਆਂ, ਸੰਪਰਦਾਵਾਂ ਅਤੇ ਗੁਰਮੁਖ ਰੂਹਾਂ ਦੀ ਸੇਵਾ ਵਿਚ ਸਨਿਮਰ ਬੇਨਤੀ ਹੈ ਕਿ ਇਸ ਕੌੜੀ ਵੇਲ ਵਾਂਗ ਵਧ ਰਹੀ ਬੀਮਾਰੀ ਨੂੰ ਫ਼ੌਰਨ ਰੋਕਿਆ ਜਾਵੇ ਅਤੇ ਨਿਰੋਲ ਗੁਰਮਤਿ ਲੀਹਾਂ ਉਤੇ ਨਾਮ-ਬਾਣੀ ਦੀ ਸਪੱਰਸ਼ ਨਾਲ ਸਿਖ ਆਚਰਨ ਦੀ ਉਸਾਰੀ ਕੀਤੀ ਜਾਏ। ਨਾਮ ਬਾਣੀ ਦੀ ਸਪੱਰਸ਼ ਤੋਂ ਬਗ਼ੈਰ ਸਭ ਧੋਖਾ ਹੈ, ਤੇ ਕੂੜ ਹੀ ਕੂੜ ਹੈ। ਕੋਈ ਵੀ ਮਨਮਤ ਦੀ ਵਿਉਂਤਰ ਸਫਲ ਨਹੀਂ ਹੋ ਸਕਦੀ।

ਕਉਤਕ ਕੋਡ ਤਮਾਸਿਆ, ਚਿਤਿ ਨ ਆਵਸੁ
ਨਾਉ ॥ ਨਾਨਕ ਕੋੜੀ ਨਰਕ ਬਰਾਬਰੇ, ਉਜੜੁ ਸੋਈ
ਥਾਉ ॥ (੭੦੭)

ਅਤੇ—ਨਾਟਕ ਚੇਟਕ ਕੀਏ ਕੁਕਾਜਾ ॥
ਪ੍ਰਭ ਲੋਗਨ ਕਹ ਆਵਤ ਲਾਜਾ ॥ (ਬਚਿਤ੍ਰ ਨਾਟਕ)

## ਗੁਰਮਤਿ ਅਨੰਦ-ਕਾਰਜ ਦਾ ਆਦਰਸ਼ਕ ਨਮੂਨਾ

ਸ: ਗੁਰਚਰਨ ਸਿੰਘ ਜੀ ਟੌਹੜਾ (ਐਮ. ਪੀ. ਅਤੇ ਪਰਧਾਨ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ) ਦੀ ਬੱਚੀ ਦਾ ਅਨੰਦ ਕਾਰਜ ਇਸੇ ਮਹੀਨੇ ਪੂਰਨ ਗੁਰਮਤਿ ਰੀਤੀ ਅਨੁਸਾਰ ਉਨ੍ਹਾਂ ਦੇ ਨਗਰ ਵਿਖੇ ਕੀਤਾ ਗਿਆ। ਇਸ ਸਮੇਂ ਕੋਈ ਦਿਖਾਵਾ, ਢੋਲ ਢਮੱਕਾ ਜਾਂ ਭੰਗੜੇ ਨਹੀਂ ਪਾਏ ਗਏ, ਸਗੋਂ ਗੁਰਸਿਖਾਂ ਵਾਂਗ ਕੇਵਲ ੧੧ ਸਜਣ ਹੀ ਬਰਾਤ ਵਿਚ ਆਏ। ਕੋਈ ਦਿਖਾਵੇ ਦੀ ਮਿਲਣੀ ਨਹੀਂ ਹੋਈ, ਕੋਈ ਬੈਂਡ ਨਹੀਂ ਵਜੇ, ਪਿੰਡ ਦੇ ਲੋਕਲ ਸਧਾਰਨ ਰਾਗੀ ਜੱਥੇ ਨੇ ਗੁਰਬਾਣੀ ਦਾ ਕੀਰਤਨ ਕਰ ਕੇ ਅਨੰਦ ਕਾਰਜ ਕਰਵਾਇਆ। ਕਿਸੇ ਕਿਸਮ ਦੀ ਉਚੇਚ ਨਹੀਂ ਕੀਤੀ ਗਈ।

ਅਸੀਂ ਟੋਹੜਾ ਜੀ ਨੂੰ ਗੁਰਮਤਿ ਅਨੰਦ ਕਾਰਜ ਦਾ ਸੋਹਣਾ ਨਮੂਨਾ ਪੇਸ਼ ਕਰਨ ਤੇ ਲੱਖ ਲੱਖ ਵਧਾਈਆਂ ਦਿੰਦੇ ਹਾਂ। ਅਸੀਂ ਬਿਨੈ ਕਰਦੇ ਹਾਂ ਕਿ ਸਮੂਹ ਸਿਖ ਜਗਤ ਇਸ ਆਦਰਸ਼ਕ ਅਨੰਦ-ਕਾਰਜ ਤੋਂ ਅਗਵਾਈ ਲਵੇ। ਟੋਹੜਾ ਸਾਹਿਬ ਤੋਂ ਬੜੀਆਂ ਆਸਾਂ ਹਨ ਕਿ ਉਹ ਕੌਮ ਦੀ ਵਿਗੜੀ ਨੂੰ ਸਵਾਰਨਗੇ।

www.AKJ.Org

[ਟਾਈਟਲ ਅਖ਼ੀਰ ਤੋਂ ਬਾਕੀ]

ਦਾ,ਮੈਂ ਇਹ ਅਨੁਭਵ ਕੀਤਾ ਕਿ ਅਮਰੀਕਾ ਨੂੰ ਸੰਸਾਰ ਵਿਚ ਇਕ ਨਆਂਸ਼ੀਲ ਸ਼ਕਤੀ ਵਜੋਂ ਇਕ ਮਹਾਨ ਸਫ਼ਲਤਾ ਪ੍ਰਾਪਤ ਹੈ ਅਤੇ ਸੈਨਾ ਦੇਸ਼ ਲਈ ਅਧਾਰਪੂਰਕ ਹੈ।" ਹਰੀਨਾਮ ਸਿੰਘ ਨੇ ਦਸਿਆ, "ਮੈਂ ਸੈਨਾ ਵਿਚ ਆਰਾਮ ਮਹਿਸੂਸ ਕਰਦਾ ਹਾਂ। ਸਿਖਾਂ ਦਾ ਨਿਸਚਾ ਹੈ ਕਿ ਇਕ ਵਿਅਕਤੀ ਨੂੰ ਸੰਸਾਰ ਵਿਚ ਸਰਗਰਮ ਹੱਸਾ ਲੈਣਾ ਚਾਹੀਦਾ ਹੈ ਅਤੇ ਇਕ ਸੈਨਕ ਜੀਵਨ ਐਸਾ ਰਾਹ ਪ੍ਰਦਾਨ ਕਰਦਾ ਹੈ।"

ਉਸ ਨੇ ਆਪਣੀ ੧੮੦ ਨਫ਼ਰੀ ਦੀ ਕੰਪਨੀ ਯੂਨਿਟ ਵਿਚ ਤਿੰਨ ਪੁਰਸਕਾਰ ਜਿਤੇ। ਉਹ ਨੇਤਰਤਵ, ਨਿਸ਼ਾਨੇਬਾਜ਼ੀ ਅਤੇ ਸਰੀਰਕ ਤੰਦਰੁਸਤੀ ਵਿਚ ਪ੍ਰਿਥਮ ਰਿਹਾ। ਤੰਦਰੁਸਤੀ ਦੀ ਪ੍ਰੀਖਿਆ ਵਿਚ ਜਿਥੇ ਵਧ ਤੋਂ ਵਧ ਪੁਆਇੰਟ ੫੦੦ ਸਨ, ਪ੍ਰਾਈਵੇਟ ਇਲੀਅਟ ਨੇ ਪੂਰੇ ੫੦੦ ਪੁਆਇੰਟ ਲਏ। ਇੰਨੇ ਪੁਆਇੰਟ ਪ੍ਰਾਪਤ ਕਰਨ ਵਾਲਾ ਉਹੀ ਇਕ ਲਾਇਕ ਸੈਨਿਕ ਸੀ।

ਉਸ ਦੀ ਫ਼ੋਰਟ ਬੈਲਵਾਇਰ ਵਿਚ ਇੰਜੀਨੀਅਰੀ ਦੀ ਸਿਖਲਾਈ ਲਈ ਨਿਯੁਕਤੀ, ਉਸ ਦੀ ਬੁਨਿਆਦੀ ਸਿਖਲਾਈ ਵਿਚ ਸਫਲਤਾ ਅਤੇ ਗਣਿਤ ਵਿਚ ਬਹੁਤ ਚੰਗੇ ਨੰਬਰ ਪ੍ਰਾਪਤ ਕਰਨ ਸਦਕਾ ਹੈ। ਉਹ ਦੋ ਵਰ੍ਹੇ ਓਰੇਗਨ ਯੂਨੀਵਰਸਿਟੀ ਵਿਚ ਪੜ੍ਹਦਾ ਰਿਹਾ ਤੇ ਫੇਰ ਸਿਖ ਸਜ ਗਿਆ।

ਪ੍ਰਾਈਵੇਟ ਹਰੀਨਾਮ ਸਿੰਘ ਇਲੀਅਟ ਨੇ ਦਸਿਆ, "ਤਿੰਨ ਵਰ੍ਹੇ ਪਹਿਲਾਂ ਅਚਣਚੇਤ ਹੀ ਅਜਿਹਾ ਮੌਕਾ ਬਣਿਆ। ਪੋਰਟਲੈਂਡ ਵਿਚ ਮੇਰਾ ਇਕ ਮਿਤਰ ਯੋਗ ਦਾ ਕੋਰਸ ਕਰ ਰਿਹਾ ਸੀ। ਉਸ ਨੇ ਉਥੇ ਆਉਣ ਤੇ ਸਭ ਕੁਝ ਵੇਖਣ ਲਈ ਸੱਦਾ ਦਿਤਾ। ਮੈਨੂੰ ਉਥੇ ਬੜਾ ਉਤਸ਼ਾਹ ਮਿਲਿਆ ਅਤੇ ਮੈਂ ਇਹ ਸਮਝਣਾ ਸ਼ੁਰੂ ਕੀਤਾ ਕਿ ਮੈਂ ਸੱਚੇ ਦਾ ਰਾਹ ਅਪਣਾਉਣਾ ਹੈ।"

ਪੋਰਟਲੈਂਡ ਤੋਂ ਇਲੀਅਟ ਕੈਲੇਫ਼ੋਰਨੀਆ ਗਿਆ ਤੇ ਇਕ ਧਾਰਮਿਕ ਆਗੂ ਯੋਗੀ ਭਜਨ ਸਿੰਘ ਅਧੀਨ ਇਕ ਖੇਤਰੀ ਆਸ਼ਰਮ ਵਿਚ ਠਹਿਰਿਆ ਅਤੇ ਅਧਿਐਨ ਕਰਦਾ ਰਿਹਾ। ਉਸ 'ਤੇ ਉਥੋਂ ਦੇ ਜੀਵਨ ਢੰਗ ਦਾ ਡੂੰਘਾ ਅਸਰ ਪਿਆ ਅਤੇ ਉਸ ਨੇ, ਉਸ ਨੂੰ ਅਪਣਾਉਣ ਦਾ ਰਾਹ ਮਹਿਸੂਸ ਕੀਤਾ। ਉਥੋਂ ਦੀ ਸਿਖਲਾਈ ਤੋਂ ਮਗਰੋਂ ਉਸ ਨੂੰ ਇਕ ਅਧਿਆਪਕ ਦੀ ਹੈਸੀਅਤ ਵਿਚ ਸਾਂਟਾ-ਕਰੂਜ਼ ਘਲ ਦਿਤਾ ਗਿਆ। ਉਥੇ ਉਸ ਨੇ ਡੇਢ ਵਰ੍ਹਾ ਕੰਮ ਕੀਤਾ ਅਤੇ ਆਪਣਾ ਖ਼ਰਚਾ ਕੁਝ ਸਮੇਂ ਲਈ ਤਰਖਾਣਾ ਕੰਮ ਕਰ ਕੇ ਪੂਰਾ ਕੀਤਾ।

ਪਰ ਸਾਂਟਾ-ਕਰੂਜ਼ ਵਿਚ ਇਲੀਅਟ ਤੇ ਉਸ ਦੀ ਪਤਨੀ ਲਈ ਰੋਜ਼ਗਾਰ ਦੇ ਅਉਸਰ ਗੁਜ਼ਾਰੇ ਜੋਗੇ ਨਹੀਂ ਸਨ। ਉਸ ਦੀ ਪਤਨੀ ਵੀ ਸਿਖੀ ਸਿਦਕ ਰਖਦੀ ਹੈ ਅਤੇ ਹਰੀਨਾਮ ਸਿੰਘ ਉਸ ਨੂੰ ਪੋਰਟਲੈਂਡ ਵਿਚ ਮਿਲਿਆ ਸੀ। ਉਸ ਦਾ ਨਾਂ ਹਰੀਨਾਮ ਕੌਰ ਇਲੀਅਟ ਹੈ।

ਫ਼ੌਜ ਵਿਚ ਸੇਵਾ ਦਾ ਅਵਸਰ ਮਿਲਿਆ ਅਤੇ ਉਸ ਨੇ ਮਹਿਸੂਸ ਕੀਤਾ ਕਿ ਉਸ ਨੂੰ ਐਸੀ ਸਿਖਲਾਈ ਦਾ ਅਵਸਰ ਮਿਲਿਆ ਹੈ ਜੋ ਉਸ ਨੂੰ ਨੌਕਰੀ ਮਗਰੋਂ ਵੀ ਕੰਮ ਆਵੇਗਾ। ਹੁਣ ਤਕ ਇਹ ਇਕ ਚੰਗੀ ਚੋਣ ਜਾਪਦੀ ਹੈ, ਐਸੀ ਜੋ ਉਸ ਨੂੰ ਯੋਗ ਜੀਵਨ-ਢੰਗ ਜੀਉਣ ਦੀ ਆਗਿਆ ਦੇਂਦੀ ਹੈ। ਹਰੀਨਾਮ ਸਿੰਘ ਨੇ ਦਸਿਆ, "ਮੈਂ ਸਵੇਰੇ ਉਠ ਕੇ ਵਾਹਿਗੁਰੂ ਦਾ ਨਾਮ ਜਪ ਸਕਦਾ ਹਾਂ, ਨੇਕ ਕਮਾਈ ਕਰ ਸਕਦਾ ਹਾਂ ਅਤੇ ਜੋ ਕਮਾਂਦਾ ਹਾਂ ਉਹ ਸਾਂਝਾ ਕਰ ਸਕਦਾ ਹਾਂ, ਅਤੇ ਜਿਵੇਂ ਅਕਾਲ ਪੁਰਖ ਨੇ ਮੈਨੂੰ ਬਣਾਇਆ ਸੀ ਉਵੇਂ ਰਹਿ ਸਕਦਾ ਹਾਂ।"

ਉਸ ਦੀ ਪਗੜੀ ਜਾਂ ਦਾੜ੍ਹੀ ਉਸ ਦੇ ਸਾਥੀ ਸੈਨਿਕਾਂ ਨਾਲ ਕੰਮ ਕਰਦਿਆਂ ਕੋਈ ਸਮੱਸਿਆ ਨਹੀਂ ਪੈਦਾ ਕਰਦੀ। ਉਸ ਨੇ ਦਸਿਆ ਕਿ ("ਨਵੇਂ ਸਾਥੀ)" ਪਹਿਲਾਂ ਕੁਝ ਹੈਰਾਨ ਹੁੰਦੇ ਹਨ, ਪਰ ਬਸ ਏਨਾ ਹੀ ਹੈ।" ਉਸ ਨੇ ਕਿਹਾ ਕਿ ਇਸ ਦਾ ਕਾਰਨ ਸ਼ਾਇਦ ਇਹ ਹੈ ਕਿ ਅਮਰੀਕਨਾਂ ਨੂੰ ਬੀਤੇ ਕੁਝ ਵਰ੍ਹਿਆਂ ਦੇ ਦੌਰਾਨ ਨਵੇਂ ਧਰਮਾਂ ਅੰਦਰ ਓੜਕਾਂ ਦੀ ਦਿਲਚਸਪੀ ਪੈਦਾ ਹੋਈ ਹੈ।

ਇਲੀਅਟ ਨੇ ਦਸਿਆ ਕਿ ਅਨੁਮਾਨ ਹੈ ਜੁ ਪੰਜ ਵਰ੍ਹੇ ਪਹਿਲਾਂ ਕੋਈ ਗਿਣਤੀ ਦੇ ਹੀ ਅਮਰੀਕਨ ਸਿਖ ਸਨ, ਪਰ ਹੁਣ ਇਹ ਗਿਣਤੀ ਕੋਈ ਪੰਜਾਹ ਹਜ਼ਾਰ (੫੦,੦੦੦) ਹੈ।

ਉਸਨੇ ਦਸਿਆ, "ਅਜ ਦੇਸ਼ ਭਰ ਵਿਚ (ਅਮਰੀਕਨ ਸਿਖਾਂ ਦੇ) ਆਸ਼ਰਮ ਹਨ, ਸ਼ਾਇਦ ਸੌ ਕੁ। ਅਸਲ ਵਿਚ ਤੁਸੀਂ ਅਮਰੀਕਾ ਵਿਚ ਭਾਵੇਂ ਕਿਤੇ ਵੀ ਹੋਵੇ, ਇਕ ਆਸ਼ਰਮ ਦੀ ਦੂਰੀ ਸਦਾ ਹੀ ਮੋਟਰ ਦੀ ਇਕ ਦਿਨ ਦੀ ਸਵਾਰੀ ਜਿੰਨੀ ਹੋਵੇਗੀ।"

# ਮੁਸਤਫ਼ਾਪੁਰ (ਜਲੰਧਰ) ਵਿਖੇ ਸ੍ਰੀ ਅਖੰਡਪਾਠ ਤੇ ਰੈਣ-ਸਬਾਈ ਕੀਰਤਨ

ਸਿਖ ਸੰਗਤਾਂ ਦੇ ਚਰਨਾਂ ਵਿਚ ਜੋਦੜੀ ਹੈ ਕਿ ਦਾਸ ਦੇ ਗ੍ਰਹਿ ਵਿਖੇ ੧੭ ਅਪ੍ਰੈਲ ਵੀਰਵਾਰ ਸ੍ਰੀ ਅਖੰਡਪਾਠ ਰਖੇ ਜਾਣਗੇ ਅਤੇ ੧੯ ਅਪ੍ਰੈਲ ਸ਼ਨੀਵਾਰ ਨੂੰ ਭੋਗ ਉਪਰੰਤ ਦੁਪਹਿਰ ਤਕ ਕੀਰਤਨ ਹੋਣਗੇ। ਉਸੇ ਰਾਤ ਨੂੰ ਰੈਣ-ਸਬਾਈ ਕੀਰਤਨ ਹੋਣਗੇ। ਮੁਸਤਫ਼ਾਪੁਰ ਲਈ ਆਖਰੀ ਬਸ ਨਵੇਂ ਅੱਡੇ ਜਲੰਧਰ ਤੋਂ ੭ ਵਜੇ ਸ਼ਾਮ ਨੂੰ ਚਲਦੀ ਹੈ।

ਦਰਸ਼ਨ ਅਭਿਲਾਖੀ—ਦਰਸ਼ਨ ਸਿੰਘ, ਕਰਮ ਸਿੰਘ X E N ਮੁਸਤਫ਼ਾਪੁਰ ਜ਼ਿਲਾ ਜਲੰਧਰ

# ਸੰਗਤਾਂ ਟਪਲੇ ਤੋਂ ਬਚਣ

ਕਈ ਸਜਣਾਂ ਨੂੰ ਇਹ ਭੁਲੇਖਾ ਹੈ ਕਿ ਅਖੰਡ ਕੀਰਤਨੀ ਜੱਥੇ ਦੇ ਦੋ ਮਾਸਕ-ਪੱਤਰ ਹਨ। ਇਸ ਭੁਲੇਖੇ ਨੂੰ ਸਪੱਸ਼ਟ ਕਰਨ ਲਈ ਸਲਾਨਾ ਸਮਾਗਮ ਸਮੇਂ ੫-੧੦-੭੩ ਨੂੰ ਕਾਰਜ-ਸਾਧਕ ਕਮੇਟੀ ਦੀ ਮੀਟਿੰਗ ਵਿਚ ਵੀਚਾਰ ਹੋਈ ਕਿ ਸਮੂਹ ਸੰਗਤਾਂ ਨੂੰ ਵਿਦਤ ਕਰ ਦਿਤਾ ਜਾਵੇ ਕਿ ਇਸ ਜੱਥੇ ਦਾ ਇਕੋ ਇਕ ਮਾਸਿਕ ਪੱਤਰ 'ਸੂਰਾ' ਹੈ। **'ਬਲਿਓ ਚਰਾਗ' ਸਰਬ-ਹਿੰਦ ਅਖੰਡ ਕੀਰਤਨੀ ਜੱਥੇ ਦਾ ਪਰਚਾ ਨਹੀਂ ਹੈ ਅਤੇ ਨਾ ਹੀ ਜੱਥੇ ਨਾਲ ਉਸਦਾ ਕੋਈ ਸੰਬੰਧ ਹੈ।**


www.AKJ.org

# ਮਰੀਕਨ ਫ਼ੌਜੀ ਸਿੰਘ ਦੇ ਦਰਸ਼ਨ

## ਮਰੀਕਾ ਵਿਚ ਸਿਖ ਕਰੈਕਟਰ ਦੀਆਂ ਧੁੰਮਾਂ

ਇਕ ਅਮਰੀਕਨ ਲਿਖਾਰੀ (ਪੋਰਟਲੈਂਡ) ਦੇ ਵਿਚਾਰ]


ਪ੍ਰਾਈਵੇਟ ਹਰੀਨਾਮ ਸਿੰਘ ਇਲੀਅਟ ਪਹਿਲਾ ਰੀਕੀ ਸਿਖ ਹੈ ਜੋ ਅਮਰੀਕੀ ਸੈਨਾ ਵਿਚ, ਸਿਖ ਆਦਾ ਅਨੁਸਾਰ, ਦਾੜ੍ਹੀ ਅਤੇ ਪਗੜੀ ਧਾਰਨ ਨ ਦੀ ਆਗਿਆ ਮਿਲਣ ਉਪਰੰਤ, ਬੀਤੇ ੩੧ ਤੂਬਰ ਨੂੰ ਥਲ-ਸੈਨਾ ਵਿਚ ਭਰਤੀ ਹੋਇਆ।

ਅਮਰੀਕੀ ਸੈਨਾ ਵਿਚ ਪੁਸ਼ਾਕ ਅਤੇ ਦਿੱਖ ਬਾਰੇ ਇਹ ਨੀਆਂ ਰਿਆਇਤਾਂ, ਬੀਤੇ ਵਰ੍ਹੇ, ਫ਼ੌਜੀ ਅਦਾਲਤ ਦੇ ਕ ਹੋਰ ਸਿਖ ਵਿਰੁਧ ਵਰਦੀ ਦੇ ਨੇਮਾਂ ਦੀ ਪਾਲਣਾ ਕਰਨ ਬਾਰੇ ਦਿਤੇ ਹੁਕਮ ਨੂੰ ਫ਼ੌਜੀ ਅਧਿਕਾਰੀਆਂ ਵਾਰਾ ਬਦਲਣ ਮਗਰੋਂ ਮਿਲੀਆਂ।

ਪ੍ਰਾਈਵੇਟ ਇਲੀਅਟ ਨੂੰ ਬੀਤੇ ਮਹੀਨੇ ਰਾਜਧਾਨੀ ਸ਼ਿੰਗਟਨ ਨਿਕਟ ਫ਼ੋਰਟ ਬੈਲਵਾਇਰ ਵਿਚ ਆਰਮੀ ਕੂਲ ਆਫ਼ ਇੰਜੀਨੀਅਰਿੰਗ ਵਿਚ ਇਕ ਵਿਦਿਆਰਥੀ ਹੈਸੀਅਤ ਵਿਚ ਘਲਿਆ ਗਿਆ। ਉਸ ਨੂੰ ਨਰੇਟਰ ਬਾਰੇ ਸਤ ਮਹੀਨੇ ਦੇ ਇਕ ਪਾਠ-ਕਰਮ ਵਿਚ ਮਲ ਕੀਤਾ ਗਿਆ ਹੈ। ਇਸ ਉਪਰੰਤ ਉਹ ਇਕ ਚਾਵੇਂ ਪ੍ਰਮਾਣੂ-ਬਿਜਲੀ-ਘਰ ਨੂੰ ਇਕੱਤਰ ਕਰਨ ਤੇ ਉਸ ਦੇ ਨੁਕਸ ਜਾਣਨ ਦੇ ਸਮਰਥ ਹੋ ਜਾਵੇਗਾ।

"ਸੈਨਾ ਇਕ ਨੌਜਵਾਨ ਨੂੰ ਸਿਖਲਾਈ ਅਤੇ ਵਿਦਿਆ ਮਾਮਲੇ ਵਿਚ ਉੜਕਾਂ ਦੇ ਅਵਸਰ ਪ੍ਰਦਾਨ ਕਰਦੀ," ਇਲੀਅਟ ਨੇ ਆਖਿਆ। "ਪਰ ਇਸ ਤੋਂ ਵੀ ਵਧ

[ ਬਾਕੀ ਟਾਈਟਲ ਅੰਦਰ ਦੇਖੋ ਸਫ਼ਾ ੪੧ ਤੇ ]




## ਜ਼ਰੂਰੀ ਸੂਚਨਾ

ਇਹ ਕਈ ਵੇਰਾਂ ਦੇਖਣ ਵਿਚ ਆਇਆ ਹੈ ਕਿ ਕਈ ਸੱਜਨ ਇਸ਼ਤਿਹਾਰਾਂ ਰਾਹੀਂ ਜਾਂ ਸੂਚਨਾਵਾਂ ਦੁਆਰਾ ਅਖੰਡ ਕੀਰਤਨੀ ਜੱਥੇ ਦੀ ਧਾਰਮਿਕ ਪਾਲਿਸੀ ਬਾਰੇ ਅਖ਼ਬਾਰਾਂ ਜਾਂ ਰਿਸਾਲਿਆਂ ਵਿਚ ਨਿਜੀ ਤੌਰ ਤੇ ਜਾਂ ਸ਼ਹਿਰੀ ਜਾਂ ਪ੍ਰਾਂਤਕ ਜੱਥੇ ਵਲੋਂ ਐਲਾਨ ਛਪਵਾ ਦੇਂਦੇ ਹਨ, ਜੋ ਠੀਕ ਨਹੀਂ ਹੈ। ਪਾਲਿਸੀ ਛਾਪਣ ਬਾਰੇ ਅਧਿਕਾਰ ਸਿਰਫ਼ "ਸੂਰਾ" ਨੂੰ ਹੀ ਦਿਤਾ ਗਿਆ ਹੈ। "ਸੂਰਾ" ਤੋਂ ਬਿਨਾਂ ਹੋਰ ਕਿਸੇ ਰਿਸਾਲੇ ਜਾਂ ਅਖ਼ਬਾਰ ਵਿਚ ਅਜਿਹਾ ਛਪਿਆ ਹੋਇਆ ਐਲਾਨ ਸਮੁੱਚੇ ਅਖੰਡ ਕੀਰਤਨੀ ਜੱਥੇ ਦਾ ਐਲਾਨ ਸਮਝਣਾ ਨਹੀਂ ਚਾਹੀਦਾ। ਇਨ੍ਹਾਂ ਐਲਾਨਾਂ ਦੀ ਜ਼ਿਮੇਵਾਰੀ ਅਖੰਡ ਕੀਰਤਨੀ ਜੱਥੇ ਦੇ ਸਿਰ ਤੇ ਨਹੀਂ ਹੋਵੇਗੀ। ਰਿਵਾਇਤ ਮੁਤਾਬਕ ਕੋਈ ਵੀ ਨਵਾਂ ਵਿਚਾਰ ਕਾਰਜ-ਸਾਧਕ ਕਮੇਟੀ ਵਿਚ ਪਾਸ ਹੋ ਕੇ, ਪੰਜਾਂ ਪਿਆਰਿਆਂ ਦੀ ਪਰਵਾਨਗੀ ਤੋਂ ਬਾਅਦ ਹੀ 'ਸੂਰਾ' ਵਿਚ ਛਾਪਿਆ ਜਾਂਦਾ ਹੈ, ਜੋ ਕਿ ਅਖੰਡ ਕੀਰਤਨੀ ਜੱਥੇ ਦਾ ਇਕੋ ਇਕ ਵਾਹਿਦ ਰਿਸਾਲਾ ਹੈ।

[illegible] ਕਾਰਜ-ਸਾਧਕ ਕਮੇਟੀ ਸਰਬ ਹਿੰਦ ਅਖੰਡ ਕੀਰਤਨੀ ਜੱਥਾ

www.AKJ.Org